# ''ਸਲੀਬ ਤੇ ਮਰਨ ਵਾਲੇ ਡਾਕੂ ਦਾ ਕੀ ਹੋਇਆ?''

## (ਮੱਤੀ 27:38; ਲੂਕਾ 23:39-43)

ਸਲੀਬ ਤੇ ਟੰਗੇ ਯਿਸੂ ਨੇ ਆਪਣੇ ਨਾਲ ਸਲੀਬਾਂ ਤੇ ਚੜ੍ਹਾਏ ਗਏ ਦੋ ਡਾਕੂਆਂ ਵਿੱਚੋਂ ਇਕ ਨਾਲ ਵਾਅਦਾ ਕੀਤਾ ਕਿ ਉਹ ਉਸੇ ਦਿਨ ਉਸ ਦੇ ਨਾਲ ਸੁਰਗਲੋਕ ਵਿਚ ਹੋਵੇਗਾ। ਸਾਡਾ ਮੰਨਣਾ ਹੈ ਕਿ ਯਿਸੂ ਨੇ ਆਪਣਾ ਵਾਅਦਾ ਪੂਰਾ ਕੀਤਾ। ਅਰਥਾਤ, ਮੌਤ ਵੇਲੇ ਉਸ ਡਾਕੂ ਨੂੰ ਲਾਜ਼ਰ ਵਾਂਗ ਹੀ ਫ਼ਰਿਸ਼ਤਿਆਂ ਰਾਹੀਂ ਅਬਰਾਹਾਮ ਦੀ ਗੋਦ ਵਿਚ ਪਹੁੰਚਾਇਆ ਗਿਆ (ਲੂਕਾ 16:22)। ਇਹ ਤੱਥ ਇਸ ਗੱਲ ਨੂੰ ਸਾਬਤ ਕਰਦਾ ਹੈ ਕਿ ਇੱਥੇ ਦਿੱਤਾ ਗਿਆ ਵੇਰਵਾ ਅੱਜ ਗੈਰ ਮਸੀਹੀ ਲੋਕਾਂ ਲਈ ਬਚਾਏ ਜਾਣ ਦਾ ਢੰਗ ਦੱਸਦਾ ਹੈ।

ਡਾਕੂ ਤੇ ਬਹੁਤ ਕੁਝ ਵਿਚਾਰ ਕੀਤਾ ਜਾਂਦਾ ਹੈ। ਉਦਾਹਰਣ ਲਈ ਬਹੁਤ ਸਾਰੇ ਲੋਕਾਂ ਦਾ ਦਾਅਵਾ ਹੈ ਕਿ ਉਹ ਇਕ ''ਬਾਹਰੀ ਪਾਪੀ'' ਸੀ। ''ਬਾਹਰੀ'' ਸ਼ਬਦ ਦਾ ਅਰਥ ਬੁਨਿਆਦੀ ਤੌਰ ਤੇ ਇਹ ਹੈ ਕਿ ਜੋ ਨਾਗਰਿਕ ਨਾ ਹੋਵੇ; ਪਵਿੱਤਰ ਸ਼ਾਸਤਰ ਵਿਚ ਕਈ ਵਾਰ ਇਸ ਦੀ ਵਰਤੋਂ ਉਸ ਦੇ ਲਈ ਕੀਤੀ ਜਾਂਦੀ ਹੈ, ਜਿਹੜਾ ਖ਼ੁਦਾ ਦੇ ਰਾਜ ਦਾ ਨਾ ਹੋਵੇ (ਵੇਖੋ ਅਫ਼ਸੀਆਂ 2:19)। ਇਸ ਸਿੱਖਿਆ ਨੂੰ ਮੰਨਣ ਵਾਲੇ ਲੋਕਾਂ ਦਾ ਵਿਸ਼ਵਾਸ ਹੈ ਕਿ ਡਾਕੂ ਦਾ ਬਚਾਇਆ ਜਾਣਾ ''ਬਾਹਰੀ ਪਾਪੀਆਂ'' ਭਾਵ ਗੈਰ ਮਸੀਹੀ ਲੋਕਾਂ ਲਈ ਇਕ ਨਮੂਨਾ ਹੈ। ਪਰ ਉਹ ਡਾਕੂ ''ਬਾਹਰੀ ਪਾਪੀ'' ਦੇ ਨਹੀਂ ਬਲਕਿ ''ਖ਼ੁਦਾ ਦੇ ਗੁਆਚੇ ਹੋਏ ਬਾਲਕ'' ਦੇ ਵਰਗ ਵਿਚ ਆਉਂਦਾ ਹੈ। ਇਸ ਤੇ ਵਿਚਾਰ ਕਰੋ: ਉਸ ਨੂੰ ਸਲੀਬ ਤੇ ਕਿਸ ਨੇ ਚੜ੍ਹਾਇਆ? ਰੋਮੀਆਂ ਨੇ। ਕੀ ਰੋਮੀ ਲੋਕ ਰੋਮੀਆਂ ਨੂੰ ਸਲੀਬ ਤੇ ਚੜ੍ਹਾਉਂਦੇ ਸਨ? ਨਹੀਂ। ਤਾਂ ਫਿਰ ਉਹ ਕਿਸ ਨੂੰ ਸਲੀਬ ਤੇ ਚੜ੍ਹਾਉਂਦੇ ਸਨ? ਆਪਣੀ ਸਲਤਨਤ ਦੇ ਬਾਗੀਆਂ ਨੂੰ। ਉਸ ਖ਼ਾਸ ਇਲਾਕੇ ਦੇ ਲੋਕ ਯਹੂਦੀ ਹੀ ਸਨ। ਅਸੀਂ ਅਸਾਨੀ ਨਾਲ ਦਾਅਵਾ ਕਰ ਸਕਦੇ ਹਾਂ ਕਿ ਉਹ ਡਾਕੂ ਯਹੂਦੀ ਹੀ ਸੀ। ਦੂਜੇ ਡਾਕੂ ਦੇ ਸ਼ਬਦਾਂ ''ਕੀ ਤੂੰ ਪਰਮੇਸ਼ੁਰ ਤੋਂ ਵੀ ਨਹੀਂ ਡਰਦਾ?'' ਤੋਂ ਸੰਕੇਤ ਮਿਲਦਾ ਹੈ ਕਿ ਉਹ ਵੀ ਯਹੂਦੀ ਸੀ। ਜ਼ਿਆਦਾਤਰ ਗੈਰ ਕੌਮ ''ਪਰਮੇਸ਼ੁਰ'' ਦੀ ਥਾਂ ''ਦੇਵਤਿਆਂ'' ਸ਼ਬਦ ਦੀ ਵਰਤੋਂ ਕਰਦੇ ਸਨ। ਪਰ ਉਹ ਆਗਿਆਕਾਰ ਯਹੂਦੀ ਨਹੀਂ ਸੀ ਕਿਉਂਕਿ ਉਸ ਨੇ ਦਸ ਹੁਕਮਾਂ ਵਿੱਚੋਂ ਘੱਟੋ ਘੱਟ ਇਕ ਹੁਕਮ ਤੋੜਿਆ ਸੀ (ਕੂਚ 20:15)। ਤਾਂ ਵੀ, ਉਹ ਸੀ ਤਾਂ ਯਹੂਦੀ ਹੀ। ਇਹ ਗੱਲ ਉਸ ਨੂੰ ਖ਼ੁਦਾ ਦੀ ਸੰਤਾਨ ਬਣਾਉਂਦੀ ਹੈ, ਕਿਉਂਕਿ ਸਲੀਬ ਤੇ ਯਿਸੂ ਦੀ ਮੌਤ ਤਕ ਯਹੂਦੀ ਲੋਕ ਖ਼ੁਦਾ ਦੇ ਚੁਣੇ ਹੋਏ ਸਨ (ਵੇਖੋ ਪ੍ਰਕਾਸ਼ ਦੀ ਪੋਥੀ 7:6)। ਜੇ ਉਸ ਡਾਕੂ ਦਾ ਬਚਾਇਆ ਜਾਣਾ ਅੱਜ ਕਿਸੇ ਗੱਲ ਦਾ ਨਮੂਨਾ ਹੈ, ਤਾਂ ਉਹ ਇਸ ਗੱਲ ਦਾ ਹੈ ਕਿ ਇਕ ਭਟਕਿਆ ਹੋਇਆ ਮਸੀਹੀ, ਜੋ ਗੈਰ ਮਸੀਹੀ ਨਹੀਂ ਹੈ, ਮਾਫ਼ੀ ਕਿਵੇਂ ਪਾ ਸਕਦਾ ਹੈ।

ਇਸ ਤੋਂ ਇਲਾਵਾ ਇਹ ਮੰਨ ਲਿਆ ਕੀਤਾ ਜਾਂਦਾ ਹੈ ਕਿ ਡਾਕੂ ਦਾ ਬਪਤਿਸਮਾ ਨਹੀਂ ਹੋਇਆ ਸੀ। ਉਸ ਦੀ ਮੌਤ ਵੇਲੇ ਯੂਹੰਨਾ ਬਪਤਿਸਮਾ ਦੇਣ ਵਾਲੇ ਦੀ ਸੇਵਕਾਈ ਨੂੰ ਸ਼ੁਰੂ ਹੋਏ ਕਈ ਸਾਲ ਹੋ ਚੁੱਕੇ ਸਨ। ਮੱਤੀ ਨੇ ਯੂਹੰਨਾ ਦੀ ਸ਼ੁਰੂਆਤੀ ਪ੍ਰਸਿੱਧੀ ਬਾਰੇ ਲਿਖਿਆ ਹੈ: ''ਤਦ ਯਰੂਸ਼ਲਮ ਅਤੇ ਪੂਰੇ

ਯਹੂਦੀਆ ਅਤੇ ਯਰਦਨ ਦੇ ਸਭ ਨੇੜੇ–ਤੇੜੇ ਦੇ ਰਹਿਣ ਵਾਲੇ ਉਹਦੇ ਕੋਲ ਚਲੇ ਆਉਂਦੇ ਸਨ। ਅਤੇ ਆਪੋ ਆਪਣੇ ਪਾਪਾਂ ਨੂੰ ਮੰਨ ਕੇ ਯਰਦਨ ਦਰਿਆ ਵਿਚ ਉਹਦੇ ਹੱਥੋਂ ਬਪਤਿਸਮਾ ਲੈਂਦੇ ਸਨ'' (ਮੱਤੀ 3:5, 6)। ਉਸ ਇਲਾਕੇ ਦੇ *ਬਹੁਤ ਸਾਰੇ* ਲੋਕਾਂ ਨੇ ਯੂਹੰਨਾ ਤੋਂ ਬਪਤਿਸਮਾ ਲਿਆ ਸੀ। ਬਾਅਦ ਵਿਚ ਉਸੇ ਇਲਾਕੇ ਵਿਚ ਜਦੋਂ ਯਿਸੂ ਨੇ ਆਪਣੀ ਸੇਵਕਾਈ ਸ਼ੁਰੂ ਕੀਤੀ, ਤਾਂ ਉਸ ਨੇ ਅਤੇ ਉਸ ਦੇ ਚੇਲਿਆਂ ਨੇ ਯੂਹੰਨਾ ਨਾਲੋਂ ਵੀ ਬਹਤੇ ਲੋਕਾਂ ਨੂੰ ਬਪਤਿਸਮਾ ਦਿੱਤਾ (ਯੂਹੰਨਾ 4:1; ਵੇਖੋ 3:26)। ਭਲਾ ਇਹ ਨਹੀਂ ਹੋ ਸਕਦਾ ਕਿ ਉਸ ਡਾਕੂ ਨੇ ਇਸ ਦੌਰਾਨ ਯੂਹੰਨਾ ਤੋਂ ਜਾਂ ਯਿਸੂ ਦੇ ਚੇਲਿਆਂ ਤੋਂ ਬਪਤਿਸਮਾ ਲਿਆ ਹੋਵੇ?[1] ਇਵੇਂ ਹੋਇਆ ਜਾਂ ਨਹੀਂ, ਇਹ ਅਹਿਮ ਨਹੀਂ ਹੈ, ਪਰ ਦਿੱਤਾ ਜਾਣ ਵਾਲਾ ਤਰਕ ਮਾਨਤਾਵਾਂ ਤੇ ਨਹੀਂ, ਖ਼ੁਦਾ ਦੇ ਵਚਨ ਤੇ ਅਧਾਰਿਤ ਹੋਣਾ ਚਾਹੀਦਾ ਹੈ।

ਮੈਂ ਕਿਉਂ ਕਹਿੰਦਾ ਹਾਂ ਕਿ ਉਸ ਡਾਕੂ ਦੇ ਬਪਤਿਸਮਾ ਲੈਣ ਜਾਂ ਨਾ ਲੈਣ ਦੀ ਗੱਲ ਦੀ ਸਾਡੇ ਲਈ ਕੋਈ ਅਹਿਮੀਅਤ ਨਹੀਂ ਹੈ? ਜਿਵੇਂ ਪਹਿਲਾਂ ਵੀ ਕਿਹਾ ਗਿਆ ਹੈ, ਉਸਦਾ ਬਚਾਇਆ ਜਾਣਾ ਗੈਰ ਮਸੀਹੀ ਲੋਕਾਂ ਲਈ ਅੱਜ ਨਮੂਨਾ ਨਹੀਂ ਹੋਣਾ ਸੀ। ਇਸ ਦਾਅਵੇ ਨੂੰ ਸਾਬਤ ਕਰਨ ਲਈ ਮੈਂ ਤਿੰਨ ਕਾਰਣ ਦੱਸਦਾ ਹਾਂ।

## ਉਸਦਾ ਬਚਾਇਆ ਜਾਣਾ ਪੁਰਾਣੀ ਸ਼ਰ੍ਹਾ ਦੇ ਮਿਟਾਏ ਜਾਣ ਤੋਂ ਪਹਿਲਾਂ ਹੋਇਆ ਸੀ

ਅੱਜ ਗੈਰ ਮਸੀਹੀਆਂ ਲਈ ਮਨ ਪਰਿਵਰਤਨ ਦੇ ਉਦਾਹਰਣ ਦੇ ਰੂਪ ਵਿਚ ਡਾਕੂ ਦਾ ਉਦਾਹਰਣ ਦੇਣਾ 2 ਤਿਮੋਥਿਉਸ 2:15 ਵਿਚ ਦਿੱਤੇ ਗਏ ਸਿਧਾਂਤ ਦੀ ਉਲੰਘਣਾ ਕਰਨਾ ਹੈ: ''ਆਪਣੇ ਆਪ ਨੂੰ ਪਰਮੇਸ਼ੁਰ ਦੇ ਅੱਗੇ ਪਰਵਾਨ ਅਤੇ ਅਜਿਹਾ ਕਾਰੀਗਰ ਠਰਿਰਾਉਣ ਦਾ ਜਤਨ ਕਰ ਜਿਹ ਨੂੰ ਲੱਜਿਆਵਾਨ ਨਾ ਹੋਣਾ ਪਵੇ ਅਤੇ ਜਿਹੜਾ ਸੱਚਿਆਈ ਦੇ ਬਚਨ ਦਾ ਜਥਾਰਥ ਵਖਿਆਣ ਕਰਨ ਵਾਲਾ ਹੋਵੇ।'' ਸਚਿਆਈ ਦੇ ਵਚਨ ਦਾ ਜਥਾਰਥ ਵਖਿਆਣ ਦਾ ਇਕ ਤਰੀਕਾ ਪੁਰਾਣਾ ਨੇਮ (ਪੁਰਾਣੇ ਨੇਮ) ਦੇ ਕਾਲ ਅਤੇ ਨਵੇਂ ਨੇਮ ਦੇ ਕਾਲ ਨਾਲ ਸਬੰਧਿਤ ਗੱਲਾਂ ਵਿਚ ਅੰਤਰ ਕਰਨਾ ਹੈ।

ਬਾਈਬਲ ਸਿਖਾਉਂਦੀ ਹੈ ਕਿ ਯਿਸੂ ਦੀ ਮੌਤ ਪੁਰਾਣੇ ਅਤੇ ਨਵੇਂ ਨੇਮ ਦਾ ਵਿਭਾਜਕ ਬਿੰਦੂ ਹੈ: ''ਕੁਲੁੱਸੀਆਂ ਦੇ ਨਾਮ ਪੱਤਰੀ ਵਿਚ ਪੌਲੁਸ ਨੇ ਲਿਖਿਆ ਹੈ ਕਿ ਖ਼ੁਦਾ ਨੇ ਤੁਹਾਨੂੰ ਜਿਹੜੇ ਆਪਣੇ ਅਪਰਾਧਾਂ ਅਤੇ ਆਪਣੇ ਸਰੀਰ ਦੀ ਅਸੁੰਨਤ ਦੇ ਕਾਰਣ ਸੋਏ ਹੋਏ ਸਾਓ ਉਹ *[ਮਸੀਹ]* ਦੇ ਨਾਲ ਜਿਵਾਲਿਆ ਕਿਉਂ ਜੋ ਉਸ ਨੇ ਸਾਡੇ ਸਾਰੇ ਅਪਰਾਧ ਸਾਨੂੰ ਮਾਫ਼ ਕੀਤੇ ਅਤੇ ਉਸ ਲਿਖਤ ਨੂੰ ਜਿਹੜੀ ਹੁਕਮਾਂ ਕਰਕੇ ਸਾਡੇ ਉਲਟ ਅਤੇ ਸਾਡੇ ਵਿਰੁੱਧ ਸੀ ਉਸ ਨੇ ਨੇਮ ਦਿੱਤਾ ਅਤੇ ਉਹ ਨੂੰ ਸਲੀਬ ਉੱਤੇ ਕਿੱਲਾਂ ਨਾਲ ਠੋਕ ਕੇ ਵਿੱਚੋਂ ਚੁੱਕ ਸੁੱਟਿਆ'' (ਕੁਲੁੱਸੀਆਂ 2:13, 14)। ਜੇ ਇਸ ਬਾਰੇ ਕੋਈ ਸਵਾਲ ਸੀ ਕਿ ਰਸੂਲ ਦੇ ਮਨ ਵਿਚ ਕਿਹੜੇ ਨਿਯਮ ਸਨ, ਤਾਂ ਉਸ ਨੇ ਆਇਤ 16 ਵਿਚ ਕਈ ਵਰਗਾਂ ਦੀ ਸੂਚੀ ਦਿੰਦੇ ਹੋਏ ਦੱਸਿਆ ਕਿ ''ਖਾਣ ਪੀਣ ਯਾ ਤਿਉਹਾਰ ਯਾ ਅਮੱਸਿਆ ਯਾ ਸਬਤਾਂ ਦੇ ਵਿਖੇ'' ਨਿਯਮ ਸਨ। ''ਸਬਤ'' ਸ਼ਬਦ ਸਾਬਤ ਕਰਦਾ ਹੈ ਕਿ ਪੌਲੁਸ ਨੇ ਆਪਣੇ ਵਾਕ ਵਿਚ ਮੂਸਾ ਦੀ ਸ਼ਰ੍ਹਾ ਨੂੰ ਸ਼ਾਮਲ ਕੀਤਾ; ਕਿਉਂਕਿ ਦਸ ਹੁਕਮਾ ਵਿੱਚੋਂ ਇਕ ਸੀ ਕਿ ''ਤੂੰ ਸਬਤ ਦੇ ਦਿਨ ਨੂੰ ਪਵਿੱਤਰ ਜਾਣ ਕੇ ਚੇਤੇ ਰੱਖ'' (ਕੂਚ 20:8)।

''ਮੇਸ ਦਿੱਤਾ'' ਅਤੇ ''ਚੁੱਕ ਸੁੱਟਿਆ'' ਵਾਕ ਇਹ ਸੰਕੇਤ ਦੇਣ ਲਈ ਮਜ਼ਬੂਤ ਸ਼ਬਦ ਹੈ ਕਿ ਸ਼ਰ੍ਹਾ ਨੂੰ ਖਤਮ ਕਰ ਦਿੱਤਾ ਗਿਆ। ਇਹ ਕਦੋਂ ਹੋਇਆ? ''ਸਲੀਬ ਤੇ ਕਿੱਲਾਂ ਨਾਲ ਠੋਕ ਕੇ'' ਸ਼ਬਦ ਤੇ ਧਿਆਨ ਦਿਓ। ਇਹ ਉਸ ਲੱਕੜ ਦੇ ਉਸ ਸ਼ਤੀਰ ਦੀ ਗੱਲ ਨਹੀਂ ਹੈ, ਜਿਸ ਤੇ ਮਸੀਹ ਨੂੰ ਸਲੀਬ ਤੇ ਚੜ੍ਹਾਇਆ ਗਿਆ ਸੀ, ਬਲਕਿ ਯਿਸੂ ਦੀ *ਮੌਤ* ਵੱਲ ਇਸ਼ਾਰਾ ਹੈ। ਯਿਸੂ ਅਤੇ ਸਿਰਫ਼ ਯਿਸੂ ਨੇ ਪੁਰਾਣੇ ਨੇਮ ਦੇ ਸਭ ਹੁਕਮਾਂ ਨੂੰ ਪੂਰੀ ਤਰ੍ਹਾਂ ਮੰਨਦੇ ਹੋਏ ਉਸ ਨੂੰ ਪੂਰਿਆਂ ਕੀਤਾ। ਉਸ ਦੀ ਜ਼ਿੰਦਗੀ ਦੇ

ਅਖੀਰ ਵਿਚ, ਇਹ ਪੂਰਾ ਹੋਇਆ (ਮੁਕੰਮਲ ਹੋਇਆ) ਸਮਝੌਤਾ ਬਣ ਗਿਆ। ਪੁਰਾਣੇ ਨੇਮ ਨੂੰ ਯਿਸੂ ਦੀ ਮੌਤ ਵੇਲੇ ''ਸਾਹਮਣਿਓਂ ਹਟਾ ਦਿੱਤਾ ਗਿਆ।''

ਇਸ ਦੇ ਨਾਲ ਹੀ, ਨਵਾਂ ਨੇਮ ਲਾਗੂ ਹੋਇਆ। ਇਬਰਾਨੀਆਂ 9:15 ਵਿਚ ਲੇਖਕ ਨੇ ਕਿਹਾ ਹੈ ਕਿ ਯਿਸੂ, ''ਨਵੇਂ ਨੇਮ ਦਾ ਵਿਚੋਲਾ ਹੈ।'' ਫਿਰ ਉਸ ਨੇ ਸਮਝਾਇਆ ਕਿ ਨਵੇਂ ਨੇਮ ਦੇ ਲਾਗੂ ਹੋਣ ਤੋਂ ਪਹਿਲਾਂ ਕੀ ਹੋਣਾ ਜ਼ਰੂਰੀ ਸੀ: ''ਜਿੱਥੇ ਵਸੀਅਤ ਹੈ ਉੱਥੇ ਉਹ ਦੇ ਕਰਨ ਵਾਲੇ ਦੀ ਮੌਤ ਨੂੰ ਸਾਬਤ ਕਰਨਾ ਪੈਂਦਾ ਹੈ। ਕਿਉਂ ਜੋ ਵਸੀਅਤ ਤਾਂ ਹੀ ਪੱਕੀ ਹੁੰਦੀ ਹੈ ਜਦੋਂ ਮੌਤ ਹੋਈ ਹੋਵੇ ਅਤੇ ਜਿੰਨਾ ਚਿਰ ਵਸੀਅਤ ਕਰਨ ਵਾਲਾ ਜੀਉਂਦਾ ਹੈ ਉਹ ਕਿਸੇ ਕੰਮ ਦੀ ਨਹੀਂ'' (ਇਬਰਾਨੀਆਂ 9:16, 17)। ਇਹ ਰੂਪਕ ਇਕ ਖ਼ਾਸ ਨੇਮ (ਜਾਂ ਸਮਝੌਤੇ) ਤੇ ਅਧਾਰਿਤ ਹੈ, ਜਿਸ ਨੂੰ ''ਆਖ਼ਰੀ ਵਸੀਅਤ ਅਤੇ ਨੇਮ'' ਕਿਹਾ ਜਾਂਦਾ ਹੈ। ''ਆਖ਼ਰੀ ਵਸੀਅਤ ਅਤੇ ਨੇਮ'' ਕਦੋਂ ਪ੍ਰਭਾਵੀ ਹੁੰਦੇ ਹਨ? ਜਦੋਂ ਵਸੀਅਤ ਕਰਨ ਵਾਲੇ ਦੀ ਮੌਤ ਹੋ ਜਾਵੇ, ਇਸ ਤੋਂ ਪਹਿਲਾਂ ਨਹੀਂ। ਪੰਜਾਬੀ ਬਾਈਬਲ ਵਿਚ ਮੱਤੀ ਦੀ ਕਿਤਾਬ ਤੋਂ ਪਹਿਲੇ ਸਫ਼ੇ ਤੇ ਇਹ ਸ਼ਬਦ ਮਿਲਦੇ ਹਨ: ''ਇੰਜੀਲ ਅਰਥਾਤ ਸਾਡੇ ਪ੍ਰਭੂ ਅਤੇ ਮੁਕਤੀਦਾਤੇ ਯਿਸੂ ਮਸੀਹ ਦਾ ਨਵਾਂ ਨੇਮ''–ਅਨੁਵਾਦਕ। ਯਿਸੂ ਦਾ ਨਵਾਂ ਨੇਮ ਕਦੋਂ ਲਾਗੂ ਹੋਇਆ? ਉਸ ਦੀ ਮੌਤ ਤੋਂ ਬਾਅਦ। ਮਸੀਹ ਦੀ ਮੌਤ ਪੁਰਾਣੇ ਨੇਮ ਦੇ ਯੁਗ ਦਾ ਅੰਤ ਅਤੇ ਨਵੇਂ ਨੇਮ ਦੇ ਯੁਗ ਦੀ ਸ਼ੁਰੂਆਤ ਸੀ।

ਡਾਕੂ ਅੱਜ ਗੈਰ ਮਸੀਹੀ ਲੋਕਾਂ ਦੇ ਬਚਾਏ ਜਾਣ ਦਾ ਨਮੂਨਾ ਨਹੀਂ ਹੈ, ਕਿਉਂਕਿ ਉਸ ਨੂੰ ਪੁਰਾਣੀ ਸ਼ਰ੍ਹਾ ਦੇ ਹਟਾਏ ਜਾਣ ਤੋਂ ਪਹਿਲਾਂ ਮਾਫ਼ੀ ਦਿੱਤੀ ਗਈ। ਸੱਚ ਇਹ ਹੈ ਕਿ ਉਸ ਨੂੰ ਯਿਸੂ ਦੀ ਮੌਤ ਤੋਂ ਛੇ ਘੰਟੇ ਪਹਿਲਾਂ ਸੁਰਗ ਦਾ ਵਾਅਦਾ ਦਿੱਤਾ ਗਿਆ ਸੀ, ਪਰ ਉਹ ਵਾਅਦਾ ਸਲੀਬ ਤੇ ''ਪੁਰਾਣੇ ਨੇਮ ਵਾਲੇ ਪਾਸੇ'' ਦਿੱਤਾ ਗਿਆ ਸੀ।

ਨਵਾਂ ਨੇਮ, ਆਖ਼ਰੀ ਵਸੀਅਤ ਅਤੇ ਨੇਮ ਵਿਚ ਤੁਲਨਾ ਵੱਲ ਵਧਾਇਆ ਜਾ ਸਕਦਾ ਹੈ। ਵਸੀਅਤ ਦਾ ਮੁਖ ਮਕਸਦ ਵਸੀਅਤ ਕਰਨ ਵਾਲੇ ਦੀ ਜਾਇਦਾਦ ਦੀ ਵੰਡ ਕਰਨਾ ਹੁੰਦਾ ਹੈ। ਵਸੀਅਤ ਕਰਨ ਵਾਲੇ ਦੀ ਮੌਤ ਦੋਂ ਬਾਅਦ ਲੋਕਾਂ ਨੂੰ ਵਸੀਅਤ ਦੇ ਉਪਾਵਾਂ ਤੋਂ ਲਾਭ ਲੈਣ ਲਈ ਵਸੀਅਤ ਵਿਚ ਦੱਸੀਆਂ ਗਈਆਂ ਸ਼ਰਤਾਂ ਨੂੰ ਮੰਨਣਾ ਜ਼ਰੂਰੀ ਹੁੰਦਾ ਹੈ। ਜਦੋਂ ਤਕ ਵਸੀਅਤ ਕਰਨ ਵਾਲਾ ਜ਼ਿੰਦਾ ਹੈ, ਉਹ ਜਿਸ ਨੂੰ ਚਾਹੇ ਦੇਵੇ ਭਾਵ ਆਪਣੀ ਜਾਇਦਾਦ ਦੀ ਜਿਵੇਂ ਚਾਹੇ ਵਰਤੋਂ ਕਰ ਸਕਦਾ ਹੈ।

ਜਿੱਥੋਂ ਤਕ ਖ਼ੁਦਾ ਦੀ ਪ੍ਰੇਰਣਾ ਤੋਂ ਲਿਖਿਆ ਗਿਆ ਵਚਨ ਦੱਸਦਾ ਹੈ, ਧਰਤੀ ਤੇ ਆਪਣੀ ਸੇਵਕਾਈ ਦੇ ਦੌਰਾਨ ਯਿਸੂ ਨੇ ਅਧਰੰਗੀ (ਮੱਤੀ 9:2–6), ਜ਼ਨਾਹ ਵਿਚ ਫੜੀ ਗਈ ਤੀਵੀਂ (ਯੂਹੰਨਾ 8:3–11), ਅਤੇ ਸਲੀਬ ਤੇ ਮਰਨ ਵਾਲੇ ਡਾਕੂ ਦੇ ਮਾਮਲਿਆਂ ਵਿਚ ਸਿਰਫ਼ ਕੁਝ ਹੀ ਵਾਰ ਪਾਪ ਮਾਫ਼ ਕਰਨ ਦੇ ਆਪਣੇ ਇਖ਼ਤਿਆਰ ਦੀ ਵਰਤੋਂ ਕੀਤੀ। ਇਹ ਸਭ ਯਿਸੂ ਨੇ ਆਪਣੀ ''ਆਖ਼ਰੀ ਵਸੀਅਤ ਅਤੇ ਨੇਮ'' ਦੇ ਲਾਗੂ ਹੋਣ ਤੋਂ ਪਹਿਲਾਂ ਦਿੱਤੀਆਂ ਗਈਆਂ ਰੂਹਾਨੀ ਜਾਇਦਾਦਾਂ ਦੀਆਂ ਉਦਾਹਰਣਾਂ ਹਨ; ਇਨ੍ਹਾਂ ਵਿੱਚੋਂ ਕਿਸੇ ਦੀ ਵੀ ਵਰਤੋਂ ਅੱਜ ਗੈਰ ਮਸੀਹੀ ਲੋਕਾਂ ਦੇ ਬਚਾਏ ਜਾਣ ਦੀ ਅਧਾਰ ਬਣਾਉਣ ਦੀ ਕੋਸ਼ਿਸ਼ ਲਈ ਨਹੀਂ ਕੀਤੀ ਜਾਣੀ ਚਾਹੀਦੀ।

## ਉਸਦਾ ਬਚਾਇਆ ਜਾਣਾ ਮਸੀਹ ਦੇ ਗ੍ਰੇਟ ਕਮਿਸ਼ਨ ਦੇਣ ਤੋਂ ਪਹਿਲਾਂ ਹੋਇਆ ਸੀ

ਆਪਣੀ ਨਿੱਜੀ ਸੇਵਕਾਈ ਦੌਰਾਨ, ਯਿਸੂ ਨੇ ਬਚਾਏ ਜਾਣ ਦੀਆਂ ਸ਼ਰਤਾਂ ਦੀ ਗੱਲ ਦੱਸੀ ਹੈ। ਉਦਾਹਰਣ ਲਈ, ਉਸ ਨੇ ਨਵੇਂ ਜਨਮ (ਯੂਹੰਨਾ 3:3, 5) ਅਤੇ ਮਨਬਦਲੀ ਦੀ ਲੋੜ (ਮੱਤੀ 18:3) ਦੀ ਗੱਲ ਕੀਤੀ ਸੀ। ਉਸ ਨੇ ਵਿਸ਼ਵਾਸ ਦੀ ਲੋੜ (ਯੂਹੰਨਾ 8:24), ਤੌਬਾ ਦੀ ਲੋੜ (ਲੂਕਾ 13:3), ਅਤੇ ਇਕਰਾਰ ਦੇ ਮਹੱਤਵ (ਮੱਤੀ 10:32) ਤੇ ਜ਼ੋਰ ਦਿੱਤਾ ਸੀ। ਤਾਂ ਵੀ ਆਪਣੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਤੋਂ ਪਹਿਲਾਂ ਉਸ ਨੇ ਆਪਣਾ ਗ੍ਰੇਟ ਕਮਿਸ਼ਨ ਨਹੀਂ ਦਿੱਤਾ ਸੀ। ਇਸ

ਵਿਚ ਬਚਾਏ ਜਾਣ ਦੀਆਂ ਉਸ ਦੀਆਂ ਸ਼ਰਤਾਂ ਦੱਸੀਆਂ ਗਈਆਂ ਸਨ, ਕਿ ਲੋਕ ਖ਼ੁਦਾ ਦੀ ਕਿਰਪਾ ਪਾਉਣ ਲਈ ਕੀ ਕਰਨ।

> ''ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿਚ ਬਪਤਿਸਮਾ ਦਿਓ। ਅਰ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਨਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ...'' (ਮੱਤੀ 28:19, 20)।

> ''ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ, ਪਰ ਜਿਹੜਾ ਪਰਤੀਤ ਨਾ ਕਰੇ ਉਸ ਉੱਤੇ ਸਜ਼ਾ ਦਾ ਹੁਕਮ ਕੀਤਾ ਜਾਵੇਗਾ'' (ਮਰਕੁਸ 16:16)।

> ''ਅਤੇ ਉਨ੍ਹਾਂ ਨੂੰ ਆਖਿਆ ਕਿ ਇਉਂ ਲਿਖਿਆ ਹੈ ਜੋ ਮਸੀਹ ਦੁੱਖ ਝੱਲੇਗਾ ਅਰ ਤੀਏ ਦਿਨ ਮੁਰਦਿਆਂ ਵਿੱਚੋਂ ਫੇਰ ਜੀ ਉੱਠੇਗਾ। ਅਤੇ ਯਰੂਸ਼ਲਮ ਤੋਂ ਲੈ ਕੇ ਸਾਰੀਆਂ ਕੌਮਾਂ ਵਿਚ ਉਹ ਦੇ ਨਾਮ ਉੱਤੇ ਤੌਬਾ ਅਰ ਪਾਪਾਂ ਦੀ ਮਾਫ਼ੀ ਦਾ ਪ੍ਰਚਾਰ ਕੀਤਾ ਜਾਵੇਗਾ'' (ਲੂਕਾ 24:46, 47)।

ਕਾਨੂੰਨ ਵਿਚ ਇਕ ਨਿਯਮ ਹੈ ਕਿ ਕੋਈ ਕਾਨੂੰਨ ਪਿਛਲੀ ਤਰੀਕ ਤੋਂ ਲਾਗੂ ਨਹੀਂ ਹੋ ਸਕਦਾ। ਇਹ ਪ੍ਰਾਵਧਾਨ ਅਮਰੀਕਾ ਦੇ ਸੰਵਿਧਾਨ ਦੇ ਅਨੁਛੇਦ I, ਭਾਗ 9 ਵਿਚ ਦਿੱਤਾ ਗਿਆ ਹੈ: "No ... ex post facto Law shall be passed"[2] ਉਸ ਪ੍ਰਾਵਧਾਨ ਦੀ ਇਕ ਪ੍ਰਾਸੰਗਿਕਤਾ ਇਹ ਹੈ ਕਿ ਜੇ ਉਸ ਨਿਯਮ ਦੀਆਂ ਸ਼ਰਤਾਂ ਦਾ ਉਲੰਘਣ ਕਰਨ ਲਈ ਕਿਸੇ ਤੇ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ। ਇਸੇ ਪ੍ਰਕਾਰ, ਕਿਉਂਕਿ ਉਹ ਮਸ਼ਹੂਰ ਡਾਕੂ ਗ੍ਰੇਟ ਕਮਿਸ਼ਨ ਦਿੱਤੇ ਜਾਣ ਤੋਂ ਪਹਿਲਾਂ ਮਰਿਆ ਸੀ, ਇਸ ਲਈ ਏਹ ਸ਼ਰਤਾਂ ਉਸ ਤੇ ਲਾਗੂ ਨਹੀਂ ਹੋਈਆਂ। ਤਾਂ ਵੀ ਸਾਡੇ ਤੇ ਉਹ ਲਾਗੂ ਹੁੰਦੀਆਂ ਹਨ। ਡਾਕੂ ਨੂੰ ਬਪਤਿਸਮਾ ਲੈਣ ਦੀ ਲੋੜ ਨਹੀਂ ਸੀ, ਪਰ ਸਾਨੂੰ ਹੈ। ਫਿਰ, ਕਿਉਂ ਲੋਕ ਇਸ ਗੱਲ ਦੇ ਪ੍ਰਮਾਣ ਲਈ ਉਸ ਦੇ ਬਚਾਏ ਜਾਣ ਦਾ ਉਦਾਹਰਣ ਦਿੰਦੇ ਹਨ ਕਿ ਅੱਜ ਬਪਤਿਸਮਾ ਲਾਜਮੀ ਨਹੀਂ ਹੈ?

ਸ਼ਾਇਦ ਇਸ ਉਦਾਹਰਣ ਤੋਂ ਮਦਦ ਮਿਲ ਜਾਵੇ: ਜੇ ਟੈਕਸ ਦੇਣ ਦੀ ਤਰੀਕ ਨਿੱਕਲ ਜਾਵੇ, ਅਤੇ ਤੁਹਾਨੂੰ ਟੈਕਸ ਦੇਣ ਲਈ ਕਿਹਾ ਜਾਵੇ? ਟੈਕਸ ਅਧਿਕਾਰੀ ਤੁਹਾਨੂੰ ਦੱਸਣ, ''ਤੁਹਾਨੂੰ ਆਪਣਾ ਟੈਕਸ ਅਦਾ ਕਰਨਾ ਚਾਹੀਦਾ ਹੈ। ਚੰਗੇ ਨਾਗਰਿਕ ਆਪਣਾ ਟੈਕਸ ਸਮੇਂ ਸਿਰ ਅਦਾ ਕਰ ਦਿੰਦੇ ਹਨ।'' ਤੁਸੀਂ ਜਵਾਬ ਦਿਓ, ''ਪਰ ਕੀ ਜੌਰਜ ਵਾਸ਼ਿੰਗਟਨ ਟੈਕਸਸ ਦਿੰਦਾ ਸੀ? ਉਹ ਟੈਕਸ ਨਹੀਂ ਦਿੰਦਾ ਸੀ, ਪਰ ਫਿਰ ਵੀ ਚੰਗਾ;ਹਿਰੀ ਸੀ। ਕੀ ਅਬਰਾਹਾਮ ਲਿੰਕਨ ਟੈਕਸ ਦਿੰਦਾ ਸੀ? ਉਹ ਟੈਕਸ ਨਹੀਂ ਦਿੰਦਾ ਸੀ, ਅਤੇ ਲੋਕ ਉਸ ਨੂੰ ਚੰਗਾ ਨਾਗਰਿਕ ਕਹਿੰਦੇ ਹਨ। ਜੇ ਇਹ ਦੋ ਮਹਾਨ ਲੋਕ ਬਿਨਾਂ ਟੈਕਸ ਦਿੱਤੇ ਚੰਗੇ ਨਾਗਰਿਕ ਹੋ ਸਕਦੇ ਹਨ, ਤਾਂ ਮੈਂ ਕਿਉਂ ਨਹੀਂ!'' ਕੀ ਤੁਹਾਨੂੰ ਲਗਦਾ ਹੈ ਕਿ ਟੈਕਸ ਅਧਿਕਾਰੀ ਤੁਹਾਡੀ ਗੱਲ ਤੋਂ ਪ੍ਰਭਾਵਿਤ ਹੋਵੇਗਾ? ਕੀ ਤੁਹਾਨੂੰ ਲਗਦਾ ਹੈ ਕਿ ਉਹ ਕਹੇਗਾ, ''ਮੈਂ ਕਦੀ ਧਿਆਨ ਨਹੀਂ ਦਿੱਤਾ! ਯਕੀਨਨ ਹੀ ਤੁਹਾਨੂੰ ਵੀ ਟੈਕਸ ਦੇਣ ਦੀ ਲੋੜ ਨਹੀਂ ਹੈ?'' ਅਧਿਕਾਰੀ ਧਿਆਨ ਦੁਆ ਸਕਦਾ ਹੈ ਕਿ ਸੋਲ੍ਹਵੀਂ ਤਰਮੀਮ, ਜਿਸ ਵਿਚ ਟੈਕਸ ਦੀ ਕਲਾਜ਼ ਦਿੱਤੀ ਗਈ ਹੈ, 1913 ਵਿਚ ਇਸ ਦੀ ਤਸਦੀਕ ਕਰ ਦਿੱਤੀ ਗਈ ਹੈ। ਇਸ ਲਈ ਇਹ ਉਸ ਸਮੇਂ ਤੋਂ ਪਹਿਲਾਂ ਰਹਿਣ ਵਾਲਿਆਂ, ਜਿਸ ਵਿਚ ਸ਼੍ਰੀ ਵਾਸ਼ਿੰਗਟਨ ਅਤੇ ਸ਼੍ਰੀ ਲਿੰਕਨ ਸ਼ਾਮਿਲ ਹਨ, ਤੇ ਲਾਗੂ ਨਹੀਂ ਹੁੰਦੀ, ਪਰ ਸਾਡੇ ਤੇ ਲਾਗੂ ਹੁੰਦੀ ਹੈ। ਅਸੀਂ ਬਪਤਿਸਮਾ ਨਾ ਲੈਣ ਦੇ ਬਹਾਨੇ ਦੇ ਰੂਪ ਵਿਚ ਉਸ ਡਾਕੂ ਵੱਲ ਧਿਆਨ ਨਹੀਂ ਦੁਆ ਸਕਦੇ, ਕਿਉਂਕਿ ਉਸ ਦਾ ਬਚਾਇਆ ਜਾਣਾ ਯਿਸੂ ਦੇ ਗ੍ਰੇਟ ਕਮਿਸ਼ਨ

ਦੀਆਂ ਸ਼ਰਤਾਂ ਦੇਣ ਤੋਂ ਪਹਿਲਾਂ ਹੋਇਆ ਸੀ।

## ਉਸਦਾ ਬਚਾਇਆ ਜਾਣਾ ਅਸਲ ਵਿਚ ਇੰਜੀਲ ਸੁਣਾਏ ਜਾਣ ਤੋਂ ਪਹਿਲਾਂ ਹੋਇਆ ਸੀ

ਪੌਲੁਸ ਮੁਤਾਬਿਕ, ਇੰਜੀਲ (''ਖੁਸ਼ਖਬਰੀ'') ਦੇ ਸਾਰ ਵਿਚ ਯਿਸੂ ਦੀ ਮੌਤ ਦਫ਼ਨਾਏ ਜਾਣ ਅਤੇ ਜੀ ਉੱਠਣ ਤਿੰਨ ਮੁਖ ਘਟਨਾਵਾਂ ਹਨ। ਕੁਰਿੰਥੀਆਂ ਦੇ ਨਾਮ ਪੱਤਰੀ ਵਿਚ ਉਸ ਨੇ ਲਿਖਿਆ,

> ਹੁਣ ਹੇ ਭਰਾਵੋ, ਮੈਂ ਤੁਹਾਨੂੰ ਉਹ *ਖੁਸ਼ਖਬਰੀ* ਚਿਤਾਰਦਾ ਹਾਂ ਜਿਹੜੀ ਮੈਂ ਤੁਹਾਨੂੰ ਸੁਣਾਈ ਸੀ ਜਿਹ ਨੂੰ ਤੁਸਾਂ ਕਬੂਲ ਵੀ ਕੀਤਾ ਅਰ ਜਿਹ ਦੇ ਉੱਤੇ ਤੁਸੀਂ ਖਲੋਤੇ ਵੀ ਹੋ। ਅਤੇ ਜਿਹ ਦੇ ਰਾਹੀਂ ਤੁਸੀਂ ਬਚ ਵੀ ਜਾਂਦੇ ਹੋ, ਜੇ ਤੁਸੀਂ ਉਹ ਇੰਜੀਲੀ ਬਚਨ ਨੂੰ ਜਿਹੜਾ ਮੈਂ ਤੁਹਾਨੂੰ ਸੁਣਾਇਆ ਸੀ ਫੜੀ ਰੱਖੋ, ਨਹੀਂ ਤਾਂ ਤੁਹਾਡਾ ਪਤੀਜਣਾ ਐਵੇਂ ਗਿਆ।
>
> ਕਿਉਂ ਜੋ ਮੈਂ ਮੁੱਖ ਗੱਲਾਂ ਵਿੱਚੋਂ ਇਹ ਗੱਲ ਤੁਹਾਨੂੰ ਸੌਂਪ ਦਿੱਤੀ ਜਿਹੜੀ ਮੈਨੂੰ ਪਰਾਪਤ ਵੀ ਹੋਈ ਜੋ ਮਸੀਹ ਪੁਸਤਕਾਂ ਦੇ ਅਨੁਸਾਰ *ਸਾਡਿਆਂ ਪਾਪਾਂ ਦੇ ਕਾਰਨ ਮੋਇਆ* ਅਤੇ ਇਹ ਕਿ *ਦੱਬਿਆ ਗਿਆ* ਅਤੇ ਇਹ ਕਿ ਪੁਸਤਕਾਂ ਦੇ ਅਨੁਸਾਰ ਤੀਜੇ ਦਿਹਾੜੇ *ਜੀ ਉੱਠਿਆ* (1 ਕੁਰਿੰਥੀਆਂ 15:1–4)।

ਡਾਕੂ ਨੂੰ ਸੁਰਗਲੋਕ ਦਾ ਵਾਅਦਾ ਦਿੱਤੇ ਜਾਣ ਵੇਲੇ ਯਿਸੂ ਦੇ ਮਾਰੇ ਜਾਣ, ਦਫ਼ਨਾਏ ਜਾਣ ਅਤੇ ਜੀ ਉੱਠਣ ਦੀ ਪ੍ਰਕ੍ਰਿਆ ਚੱਲ ਰਹੀ ਸੀ, ਪਰ ਹਾਲੇ ਉਹ ਮਰਿਆ ਨਹੀਂ ਸੀ ਅਰਥਾਤ ਉਸ ਦਾ ਦਫ਼ਨਾਇਆ ਜਾਣਾ ਅਤੇ ਜੀ ਉੱਠਣਾ ਭਵਿੱਖ ਵਿਚ ਹੋਣਾ ਸੀ। ਇੰਜੀਲ ''ਅਸਲ ਵਿਚ'' ਪ੍ਰਭੂ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਬਾਅਦ ਹੀ ਸੁਣਾਈ ਜਾਣੀ ਸੀ। ਭਰਪੂਰੀ ਨਾਲ ਪਹਿਲੀ ਵਾਰ ਇਸ ਦਾ ਪ੍ਰਚਾਰ ਮਸੀਹ ਦੇ ਉੱਪਰ ਉਠਾਏ ਜਾਣ ਤੋਂ ਦਸ ਦਿਨਾਂ ਬਾਅਦ, ਪੈਂਟੀਕਾਸਟ ਵਾਲੇ ਦਿਨ ਪਤਰਸ ਦੇ ਰਾਹੀਂ ਕੀਤਾ ਗਿਆ ਸੀ (ਰਸੂਲਾਂ ਦੇ ਕੰਮ 2:23, 24, 32, 36)।

ਅੱਜ ਇਹ ਜ਼ਬਰਦਸਤ ਇੰਜੀਲ ਬਚਾਏ ਜਾਣ ਲਈ ਖ਼ੁਦਾ ਦੀ ਸ਼ਕਤੀ ਹੈ (ਰੋਮੀਆਂ 1:16)। ਇਸ ਤੋਂ ਬਿਨਾਂ ਅਸੀਂ ਬਚਾਏ ਨਹੀਂ ਜਾ ਸਕਦੇ। ਇਸ ਦੇ ਉਲਟ, ਡਾਕੂ ਦੀ ਮੌਤ ਇਸ ਇੰਜੀਲ ਦੇ ਲੋਕਾਂ ਵਿਚ ਸੁਣਾਏ ਜਾਣ ਤੋਂ ਪਹਿਲਾਂ ਹੋ ਗਈ ਸੀ। ਉਹ ਖੁਸ਼ਖਬਰੀ ਦੀ ਪੂਰੀ ਕਹਾਣੀ ਸੁਣਨ ਤੋਂ ਬਹੁਤ ਪਹਿਲਾਂ ਧਰਤੀ ਤੇ ਰਹਿੰਦਾ ਸੀ ਅਤੇ ਮਰ ਗਿਆ। ਇਸ ਲਈ ਉਸ ਦਾ ਬਚਾਇਆ ਜਾਣਾ ਅੱਜ ਗੈਰ ਮਸੀਹੀ ਲੋਕਾਂ ਲਈ ਨਮੂਨਾਂ ਨਹੀਂ ਹੋ ਸਕਦਾ, ਜਿਨ੍ਹਾਂ ਲਈ ਉਸ ਇੰਜੀਲ ਨੂੰ ਸੁਣ ਕੇ ਉਸ ਦਾ ਹੁਕਮ ਮੰਨਣਾ ਜ਼ਰੂਰੀ ਹੈ (1 ਪਤਰਸ 4:17; 2 ਥੱਸਲੁਨੀਕੀਆਂ 1:8)।

## ਸਾਰ

ਬਹੁਤ ਸਾਰੇ ਲੋਕ ਉਸ ਡਾਕੂ ਵਾਂਗ ਬਚਾਏ ਜਾਣਾ ਚਾਹੁੰਦੇ ਹਨ। ਕੁਝ ਕਹਿੰਦੇ ਹਨ, ''ਉਹ ਡਾਕੂ ਚਲਾਕ ਸੀ! ਉਸ ਨੇ ਆਪਣੇ ਤਰੀਕੇ ਨਾਲ ਜ਼ਿੰਦਗੀ ਕੱਟੀ, ਬਲਕਿ ਦੂਜੇ ਲੋਕਾਂ ਦਾ ਫ਼ਾਇਦਾ ਵੀ ਉਠਾਇਆ, ਪਰ ਫਿਰ, ਮਰਨ ਤੋਂ ਥੋੜਾ ਪਹਿਲਾਂ ਤੌਬਾ ਕਰ ਲਈ ਅਤੇ ਪ੍ਰਭੂ ਨੇ ਉਸ ਨੂੰ ਬਚਾ ਲਿਆ। ਮੈਂ ਵੀ ਉਸੇ ਤਰ੍ਹਾਂ ਬਚਾਇਆ ਜਾਣਾ ਚਾਹੁੰਦਾ ਹਾਂ!'' ਬਾਈਬਲ ਸੱਚਾਈ ਨੂੰ ਜਾਣਨ ਦੇ ਬਾਅਦ ਹੁਕਮ ਮੰਨਣ ਨੂੰ ਟਾਲਣ ਦੀ ਸਿੱਖਿਆ ਨਹੀਂ ਦਿੰਦੀ ਜਾਂ ਇਸ ਲਈ ਦਲੇਰ ਨਹੀਂ ਕਰਦੀ। ਪੌਲੁਸ ਨੇ ਲਿਖਿਆ ਹੈ, ''ਵੇਖੋ, *ਹੁਣ ਹੀ* ਮਨ ਭਾਉਂਦਾ ਸਮਾਂ ਹੈ, ਵੇਖੋ, ਹੁਣ ਹੀ ਮੁਕਤੀ ਦਾ ਦਿਨ ਹੈ'' (2 ਕੁਰਿੰਥੀਆਂ 6:2)।

ਜੇ ਕੋਈ ਟਾਲਦਾ ਹੈ ਕਿ ਮੌਤ ਦੇ ਨੇੜੇ ਆਉਣ ਤੇ ਤੌਬਾ ਕਰ ਲਵੇਗਾ, ਤਾਂ ਇਨ੍ਹਾਂ ਵਿੱਚੋਂ ਕੋਈ

ਵੀ ਗੱਲ ਹੋ ਸਕਦੀ ਹੈ। ਪਹਿਲਾਂ ਤਾਂ ਹੋ ਸਕਦਾ ਹੈ ਕਿ ਉਸ ਨੂੰ ਮੌਕਾ ਮਿਲਣ ਤੋਂ ਪਹਿਲਾਂ ਹੀ ਪ੍ਰਭੂ ਵਾਪਸ ਆ ਜਾਵੇ। ਦੂਜਾ, ਹੋ ਸਕਦਾ ਹੈ ਕਿ ਉਸ ਸ਼ਖ਼ਸ ਦੀ ਮੌਤ ਅਚਾਨਕ ਹੋ ਜਾਵੇ। ਤੀਜਾ, ਜੇ ਪ੍ਰਭੂ ਨਾ ਵੀ ਆਵੇ ਅਤੇ ਉਸ ਦੀ ਮੌਤ ਅਚਾਨਕ ਨਾ ਵੀ ਹੋਵੇ, ਤਾਂ ਹੋ ਸਕਦਾ ਹੈ ਕਿ ਉਸ ਸ਼ਖ਼ਸ ਦਾ ਮਨ ਇੰਨਾ ਸਖ਼ਤ ਹੋ ਜਾਵੇ ਕਿ ਉਹਦੇ ਲਈ ਤੌਬਾ ਕਰਨਾ ਨਾਮੁੰਮਕਿਨ ਲੱਗੇ (ਵੇਖੋ ਇਬਰਾਨੀਆਂ 6:6)। ਇਬਰਾਨੀਆਂ ਦੀ ਕਿਤਾਬ ਦੇ ਲੇਖਕ ਨੇ ਆਪਣੇ ਪਾਠਕਾਂ ਨੂੰ ਬੇਲਤੀ ਕੀਤੀ ਸੀ, ''ਅੱਜ ਜੇ ਤੁਸੀਂ ਉਹ ਦੀ ਅਵਾਜ਼ ਸੁਣੋ, ਤਾਂ ਆਪਣੇ ਦਿਲਾਂ ਨੂੰ ਕਠੋਰ ਨਾ ਕਰੋ'' (4:7)। ਇਹ ਪਤਾ ਲੱਗਣ ਤੇ ਕਿ ਤੁਹਾਥੋਂ ਕੀ ਕਰਵਾਉਣਾ ਚਾਹੁੰਦਾ ਹੈ, ਉਸ ਨੂੰ ਕਦੀ ਨਾ ਟਾਲੋ।

ਆਓ ਆਪਣੀਆਂ ਅੱਖਾਂ ਉਸ ਸਲੀਬ ਤੋਂ, ਜਿਸ ਉੱਤੇ ਡਾਕੂ ਸੀ, ਹਟਾ ਕੇ ਵਿਚਕਾਰਲੀ ਸਲੀਬ ਤੇ ਲਾਈਏ, ਜਿਸ ਉੱਤੇ ਮੁਕਤੀਦਾਤਾ ਸਾਡੇ ਲਈ ਮਰਿਆ। ਜੇ ਅਸੀਂ ਸਚਮੁਚ ਉਸ ਨਾਲ ਪਿਆਰ ਕਰਦੇ ਹਾਂ ਤਾਂ ਅਸੀਂ ਉਹੀ ਕਰਾਂਗੇ ਜੋ ਉਸ ਨੇ ਸਾਨੂੰ ਕਰਨ ਲਈ ਕਿਹਾ (ਯੂਹੰਨਾ 14:15)। ਅਸੀਂ ਉਸ ਦੇ ਹੁਕਮ ਨੂੰ ਮੰਨਣਾ ਟਾਲਣ ਲਈ ਨਵੇਂ ਨਵੇਂ ਬਹਾਨੇ ਨਹੀਂ ਲੱਭਾਂਗੇ। ਬਲਕਿ ਪਿਆਰ ਅਤੇ ਸ਼ੁਕਰਗੁਜ਼ਾਰੀ ਨਾਲ ਭਰੇ ਮਨਾਂ ਨਾਲ ਆਪਣੇ ਆਪ ਨੂੰ ਉਸ ਦੇ ਅੱਗੇ ਸੌਂਪ ਦਿਆਂਗੇ।

---

ਟਿੱਪਣੀਆਂ

[1]ਜੇ ਅਜਿਹਾ ਸੀ, ਤਾਂ ਡਾਕੂ ਨੇ ਯੂਹੰਨਾ ਜਾਂ ਯਿਸੂ ਨੂੰ ਸਿਖਾਉਂਦੇ ਸੁਣਿਆ ਹੋਵੇਗਾ। ਇਸ ਨਾਲ ਯਿਸੂ ਦੇ ਰਾਜ ਬਾਰੇ ਡਾਕੂ ਦੇ ਸ਼ਬਦ ਸਮਝਾਉਣ ਵਿਚ ਮਦਦ ਮਿਲੇਗੀ। [2]*ਗ੍ਰੋਲਿਅਰ ਮਲਟੀਮੀਡੀਆ ਇਨਸਾਈਕਲੋਪੀਡੀਆ,* 1999 ਜਿਲਦ, s.v. ''ਕਾਂਸਟੀਚਿਊਸ਼ਨ ਆਫ਼ ਦ ਯੂਨਾਈਟਡ ਸਟੇਟਸ।''

# ਫਾਯੂ ਅਖਿਅੈਨ

# ''ਮੇਰੀ ਯਾਦਗੀਰੀ ਲਈ ਇਹੀ ਕਰਿਆ ਕਰੋ''
## (ਐਤਵਾਰ ਸਵੇਰ ਦੀ ਇਕ ਬੰਦਗੀ)

**ਗੀਤ।**

**ਦੁਆ।**

**ਟਿੱਪਣੀਆਂ:**

ਕਈ ਸਾਲ ਪਹਿਲਾਂ ਅਮਰੀਕਾ ਵਿਚ ''ਯੂ ਆਰ ਦੇਅਰ'' ਨਾਮਕ ਇਕ ਮਸ਼ਹੂਰ ਟੈਲੀਵਿਜ਼ਨ ਪ੍ਰੋਗਰਾਮ ਹੁੰਦਾ ਸੀ (ਜਿਸ ਦਾ ਅਨੁਵਾਦ ਹੈ ''ਤੁਸੀਂ ਉੱਥੇ ਹੀ ਹੋ'')। ਹਰ ਹਫ਼ਤੇ ਉਸ ਵਿਚ ਕੋਈ ਇਤਿਹਾਸਕ ਘਟਨਾ ਨਾਟਕੀ ਰੂਪ ਵਿਚ ਵਿਖਾਈ ਜਾਂਦੀ ਸੀ, ਜਿਸ ਨਾਲ ਵੇਖਣ ਵਾਲੇਆਂ ਨੂੰ ਲਗਦਾ ਕਿ ਉਹ ਉਸ ਮੌਕੇ ਦੇ ਉੱਥੇ ਹੀ ਸੀ। ਪ੍ਰਭੂ ਦੀ ਮੇਜ਼ ਕੋਲ ਇਕੱਠੇ ਹੋਣ ਤੇ ਹਰ ਐਤਵਾਰ ਕੁਝ ਅਜਿਹਾ ਹੀ ਹੁੰਦਾ ਹੈ। ਸੀ. ਏ. ਬ੍ਰਾਊਨ ਨੇ ਇਸ ਵਿਚਾਰ ਨੂੰ ਇਨ੍ਹਾਂ ਸ਼ਬਦਾਂ ਵਿਚ ਬਿਆਨ ਕੀਤਾ ਹੈ:

> ਬਹੁਤੀ ਦੇਰ ਨਹੀਂ ਹੋਈ, ਜਦ ਮੈਂ ਵਿਸ਼ਵਾਸ ਦੇ ਖੰਭਾਂ ਤੇ ਸਵਾਰ ਹੋ ਕੇ ਵਿਚਕਾਰਲੀਆਂ ਸਦੀਆਂ ਨੂੰ ਪਾਰ ਕਰਦਿਆਂ ਅਤੀਤ ਵਿਚ ਜਾ ਕੇ ''ਪਵਿੱਤਰ ਧਰਤੀ'' ਨੂੰ ਵੇਖਿਆ। ਮੈਂ ਵਾਅਦਾ ਕੀਤੇ ਹੋਏ ਉਸ ਦੇਸ਼ ਦੀ, ਹਾਂ ਓਸੇ ਦੇਸ਼ ਦੀ, ਜਿਸ ਵਿਚ ''ਦੁੱਧ ਅਤੇ ਸ਼ਹਿਦ ਦੀਆਂ ਨਦੀਆਂ ਵਹਿੰਦੀਆਂ ਸਨ'' ਲੰਬਾਈ ਨਾਪੀ। ਦਾਨ ਤੋਂ ਲੈ ਕੇ ਬੇਤਸ਼ਬਾ ਤਕ ਮੈਂ ਉਸ ਦੇਸ਼ ਦੀ ਖੋਜ ਕੀਤੀ ਜਿੱਥੇ ਅਬਰਾਹਾਮ, ਇਜ਼ਹਾਕ ਅਤੇ ਯਾਕੂਬ ਕਿਸੇ ਵਕਤ ਰਹਿੰਦੇ ਸਨ। ਮੈਂ ਮਸੀਹ ਦੇ ਜਨਮ ਤੇ ਫ਼ਰਿਸ਼ਤਿਆਂ ਦੇ ਬੇਹੱਦ ਅਨੰਦ ਨਾਲ ਗਾਉਂਦਿਆਂ ਸੁਣਿਆ ਅਤੇ ਉਸ ਨਵੇ ਜੰਮੇ ਰਾਜੇ ਨੂੰ ਹੈਰਾਨੀ ਨਾਲ ਵੇਖਿਆ।
>
> ਮੈਂ ਯਿਸੂ ਦੇ ਨਾਲ ਚੱਲਿਆ, ਜਦ ਉਹ ਭਲਿਆਈ ਕਰਦਾ ਅਤੇ ਸ਼ੈਤਾਨ ਦੇ ਸਤਾਏ ਹੋਇਆਂ ਸਭ ਲੋਕਾਂ ਨੂੰ ਚੰਗਿਆਈ ਦੇ ਰਿਹਾ ਸੀ। ਮੈਂ ਜ਼ਿੰਦਗੀ ਦਾ ਉਸਦਾ ਸ਼ਾਨਦਾਰ ਕਲਾਮ ਸੁਣਿਆ ਅਤੇ ਉਸ ਨੂੰ ਤਰਸ ਨਾਲ ਭਰ ਕੇ ਮੁਰਦਿਆਂ ਨੂੰ ਜ਼ਿੰਦਾ ਕਰਦਿਆਂ ਵੇਖਿਆ। ਮੈਂ ਗਲੀਲ ਦੇ ਕੰਢੇ ਤੇ ਉਸਦੇ ਕਦਮਾਂ ਦੀਆਂ ਪੈੜਾਂ ਦੇ ਨਾਲ ਨਾਲ ਚੱਲਿਆ ਅਤੇ ਉਸ ਨੂੰ ਚੀਜ਼ਾਂ ਨੂੰ ਡਾਂਟਦੇ ਅਤੇ ਲਹਿਰਾਂ ਨੂੰ ਸ਼ਾਂਤ ਕਰਦਿਆ ਵੇਖਿਆ। ਮੈਂ ਉਸ ਦੇ ਨਾਲ ਗ਼ਰੀਬ ਅਤੇ ਲਾਚਾਰ ਲੋਕਾਂ ਦੇ ਘਰਾਂ ਵਿਚ ਗਿਆ ਅਤੇ ਉਸ ਨੂੰ ਉਨ੍ਹਾਂ ਨੂੰ ਰਾਜ ਦੇ ਆਉਣ ਦੀ ਖੁਸ਼ਖ਼ਬਰੀ ਸੁਣਾਉਂਦਿਆਂ ਵੇਖਿਆ।
>
> ਚਾਂਦੀ ਦੇ ਕੁਝ ਸਿੱਕਿਆਂ ਦੀ ਖ਼ਾਤਰ ਯਹੂਦਾ ਨੂੰ ਆਪਣੇ ਪ੍ਰਭੂ ਨੂੰ ਫੜਵਾਉਂਦਿਆਂ ਵੇਖ ਮੈਂ ਗ਼ਮ ਅਤੇ ਦੁੱਖ ਨਾਲ ਭਰ ਗਿਆ। ਮੈਨੂੰ ਇਹ ਵੇਖ ਕੇ ਬੜਾ ਦੁੱਖ ਹੋਇਆ ਕਿ ਉਹ ਸਾਡੇ ਪ੍ਰਭੂ ਨੂੰ ਪਿਲਾਤੁਸ ਦੇ ਦਰਬਾਰ ਵਿਚ ਲੈ ਗਏ ਸਨ। ਫਿਰ ਮੈਂ ਉਸ ਦੇ ਖ਼ਿਲਾਫ਼ ਜਿਸ ਵਿਚ ਕੋਈ ਪਾਪ ਨਹੀਂ ਸੀ, ਝੂਠੇ ਗਵਾਹਾਂ ਨੂੰ ਗਵਾਹੀ ਦਿੰਦਿਆਂ ਸੁਣਿਆ। ਮੈਂ ਸਿਪਾਹੀਆਂ ਨੂੰ ਉਸ ਸੋਹਣੇ ਮੱਥੇ ਤੇ ਕੰਢਿਆਂ ਦਾ ਤਾਜ ਰੱਖਦਿਆਂ ਅਤੇ ਉਸ ਪਵਿੱਤਰ ਚਿਹਰੇ ਤੇ ਥੁੱਕਦਿਆਂ ਵੇਖਿਆ। ਮੈਂ ਭੀੜ ਦੇ ਯਿਸੂ ਦੇ ਲਹੂ ਦੇ ਪੁਕਾਰ ਕਰਦਿਆਂ ਅਤੇ ਜਦ ਉਹ ਉਸ ਨੂੰ ਸਲੀਬ ਤੇ ਚੜ੍ਹਾਉਣ ਲਈ ਲੈ ਗਏ, ਉਨ੍ਹਾਂ ਦੇ ਮਗਰ ਮਗਰ ਹੋ ਲਿਆ। ਮੈਂ ਸਿਪਾਹੀਆਂ ਨੂੰ ਕੰਬਦੇ ਜਿਸਮ ਵਿੱਚੋਂ ਦੀ ਲੱਕੜ ਵਿਚ ਮੇਖਾਂ ਠੋਕਦਿਆਂ ਮੋਗਰਿਆਂ ਦੀ ਮੱਧਮ ਜਿਹੀ ਠਕ-ਠਕ ਸੁਣੀ, ਪਰ ਉਸਦੇ

ਮੂੰਹੋਂ, ਜੋ ਸਲੀਬ ਤੇ ਲੇਟਿਆ ਹੋਇਆ ਸੀ, ਮੈਨੂੰ ਕੁਰਲਾਉਣ ਦੀ ਅਵਾਜ਼ ਸੁਣਾਈ ਨਾ ਦਿੱਤੀ।

ਮੈਂ ਮਰੀਅਮ ਦੀ ਬੇਚੈਨੀ ਅਤੇ ਸੋਗ ਵਿਚ ਡੁੱਬੇ ਲਾਚਾਰ ਚੇਹਰੇ ਨੂੰ ਵੇਖਿਆ ਜਿਵੇਂ ''ਤਲਵਾਰ ਉਸ ਦੀ ਜਿੰਦ ਦੇ ਵਿੱਚੋਂ ਦੀ ਫਿਰ ਗਈ ਹੋਵੇ'' ਅਤੇ ਖ਼ੁਦਾ ਦੇ ਪੁੱਤਰ ਨੂੰ ਇਹ ਕਹਿੰਦਿਆਂ ਸੁਣਿਆ, ''ਹੇ ਪਿਤਾ, ਇਨ੍ਹਾਂ ਨੂੰ ਮਾਫ਼ ਕਰ, ਕਿਉਂ ਜੋ ਇਹ ਨਹੀਂ ਜਾਣਦੇ ਕਿ ਇਹ ਕੀ ਕਰਦੇ ਹਨ।'' ਮੈਂ ਹਨੇਰੇ ਵਿਚ ਸੂਰਜ ਨੂੰ ਗ੍ਰਹਿਣ ਲੱਗਦੇ ਵੇਖਿਆ ਅਤੇ ਕੁਦਰਤ ਦੀਆਂ ਚੀਜ਼ਾਂ ਦੇ ਵੀ ਜੋ ਬਗਾਵਤ ਕਰਨ ਵਾਲੀਆਂ ਲਗਦੀਆਂ ਸਨ ਇਸ ਖੌਫ਼ਨਾਕ ਨਜ਼ਾਰੇ ਨੂੰ ਵੇਖ ਕੇ, ਜੋ ਸ਼ਹਿਰਪਨਾਹ ਦੇ ਬਾਹਰ ਹੋਇਆ ਸੀ, ਪਸੀਨੇ ਛੁਟ ਗਏ। ਮੈਂ ਨਾਜ਼ੁਕ ਹੱਥਾਂ ਨੂੰ ਉਸ ਰੁੱਖ ਤੋਂ ਬੇਜਾਨ ਜਿਸਮ ਨੂੰ ਚੁੱਕਦਿਆਂ ਅਤੇ ਬੜੇ ਪਿਆਰ ਨਾਲ ਨਵੀਂ ਕਬਰ ਵਿਚ ਰੱਖਦਿਆਂ ਵੇਖਿਆ।

ਤੀਜੇ ਦਿਨ ਦੀ ਸਵੇਰ, ਮੈਂ ਬੜੇ ਭੈਅ ਨਾਲ ਕਬਰ ਦੇ ਅੰਦਰ ਝਾਕਿਆ ਅਤੇ ਅਨੰਦ ਦੀ ਪੁਕਾਰ ਸੁਣੀ, ''ਉਹ ਇੱਥੇ ਨਹੀਂ ਹੈ। ਆਪਣੇ ਵਾਅਦੇ ਦੇ ਅਨੁਸਾਰ ਉਹ ਜੀ ਉੱਠਿਆ ਹੈ। ਆਓ, ਇਹ ਥਾਂ ਵੇਖੋ ਜਿੱਥੇ ਪ੍ਰਭ ਪਿਆ ਸੀ।'' ਚੇਲਿਆਂ ਦੇ ਨਾਲ ਜੈਤੂਨ ਪਹਾੜ ਤੇ ਚੜ੍ਹ ਕੇ ਮੈਂ ਯਿਸੂ ਨੂੰ ਪਿਤਾ ਦੇ ਨਾਲ ਉੱਪਰ ਉਠਾਏ ਜਾਂਦਿਆਂ ਵੇਖਿਆ। ਮੈਂ ਫ਼ਰਿਸ਼ਤਿਆਂ ਨੂੰ ਇਹ ਕਹਿੰਦਿਆਂ ਸੁਣਿਆ, ''ਇਹੀ ਯਿਸੂ ਜਿਹੜਾ ਤੁਹਾਡੇ ਕੋਲੋਂ ਸੁਰਗ ਤੋਂ ਉੱਪਰ ਉਠਾ ਲਿਆ ਗਿਆ ਹੈ ਜਿਵੇਂ ਤੁਸਾਂ ਇਸ ਨੂੰ ਉੱਪਰ ਜਾਂਦਿਆਂ ਵੇਖਿਆ, ਉਸੇ ਤਰ੍ਹਾਂ ਉਹ ਫਿਰ ਆਵੇਗਾ।''

ਹਾਂ, ਮੈਂ ਉਥੇ ਹੀ ਸਾਂ। ਮੈਂ ਨਵੇਂ ਨੇਮ ਵਿਚ ਇਨੇ ਸਾਫ਼ ਤਰ੍ਹਾਂ ਨਾਲ ਦੱਸੇ ਉਨ੍ਹਾਂ ਸ਼ਾਨਦਾਰ ਨਜ਼ਾਰਿਆਂ ਨੂੰ ਜੀਣ ਲਈ ਫੇਰ ਜੀਆ। ਮੈਂ ਉੱਥੇ ਹੀ ਸਾਂ–ਕਿਉਂਕਿ ਪਿਛਲੀ ਵਾਰ ਵੀ ਜਦ ਮੈਂ ਉਸ ਦੀ ਮੇਜ਼ ਤੇ ਉਸ ਨੂੰ ਮਿਲਿਆ ਸਾਂ ਜਿਸਦਾ ਉਸਨੇ ਹੁਕਮ ਦਿੱਤਾ ਸੀ, ''ਮੇਰੀ **ਯਾਦਗੀਰੀ** ਲਈ ਇਹੀ ਕਰਿਆ ਕਰੋ।''[1]

ਇਹ ਮੰਨਦੇ ਹੋਏ ਕਿ ਪ੍ਰਭੂ ਭੋਜ ਸਾਡੀ ਮਸੀਹੀ ਜ਼ਿੰਦਗੀ ਲਈ ਜ਼ਰੂਰੀ ਹੈ, ਅਸੀਂ ਆਪਣੀ ਬੰਦਗੀ ਨੂੰ ਇਸ ਯਾਦਗਾਰੀ ਭੋਜ ਤੇ ਹੀ ਕੇਂਦਰਿਤ ਰੱਖਾਂਗੇ। ਬਾਈਬਲ ਦੀਆਂ ਗੱਲਾਂ ਇਕ ਦੂਜੇ ਨੂੰ ਦੱਸਦੇ ਹੋਏ, ਅਸੀਂ ਉਨ੍ਹਾਂ ਸਵਾਲਾਂ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰਾਂਗੇ, ਜਿਨ੍ਹਾਂ ਨੂੰ ਕਈ ਵਾਰ ਲੋਕ ਸਾਡੀ ਸੰਗਤੀ ਬਾਰੇ ਪੁੱਛਦੇ ਹਨ।[2]

ਪ੍ਰਭੂ ਭੋਜ ਦੀ ਸੁਰੂਆਤ ਤਕਰੀਬਨ ਦੋ ਹਜ਼ਾਰ ਸਾਲ ਪਹਿਲਾਂ ਕੀਤੀ ਗਈ ਸੀ। ਮੌਕਾ ਮਸੀਹ ਦੀ ਮੌਤ ਦੇ ਕੁਝ ਘੰਟੇ ਪਹਿਲਾਂ ਖਾਧੇ ਜਾਣ ਵਾਲੇ ਪਸਾਹ ਦਾ ਭੋਜ ਤੋਂ ਹੈ। ਬਾਈਬਲ ਵਿਚ ਇਸਦਾ ਵੇਰਵਾ ਮੱਤੀ 26, ਮਰਕੁਸ 14, ਲੂਕਾ 22, 1 ਕੁਰਿੰਥੀਆਂ 11 ਵਿਚ ਮਿਲਦਾ ਹੈ। 1 ਕੁਰਿੰਥੀਆਂ ਦੇ ਹਵਾਲੇ ਨੂੰ ਪੜ੍ਹੇ ਜਾਣ ਵੇਲੇ ਉਨ੍ਹਾਂ ਨੂੰ ਬੜੇ ਅਦਬ ਨਾਲ ਸੁਣੋ।

**ਬਾਈਬਲ ਪਾਠ: 1 ਕੁਰਿੰਥੀਆਂ 11:23-29.**

**ਗੀਤ।**

**ਟਿੱਪਣੀਆਂ:**

ਲੋਕ ਬੜੀ ਛੇਤੀ ਭੁੱਲ ਜਾਂਦੇ ਹਨ! ਇਸ ਕਰਕੇ ਅਸੀਂ ਆਪਣੀ ਯਾਦਦਾਸ਼ਤ ਨੂੰ ਤਾਜ਼ਾ ਰੱਖਣ ਲਈ ਇਮਾਰਤਾਂ ਅਤੇ ਸਮਾਰੋਹਾਂ ਵਰਗੀਆਂ ਯਾਦਗਾਰਾਂ[3] ਬਣਾਉਂਦੇ ਹਾਂ। ਵਾਸ਼ਿੰਗਟਨ ਡੀਸੀ ਵਿਚ ਦੋ ਮਸ਼ਹੂਰ ਯਾਦਗਾਰਾਂ ਵਾਸ਼ਿੰਗਟਨ ਮੋਨੁਮੈਂਟ ਅਤੇ ਲਿੰਕਨ ਮੈਮੋਰੀਅਲ ਹਨ। ਇਕ ਵਿਸ਼ਵਪ੍ਰਸਿੱਧ ਉਦਾਹਰਣ ਆਪਣੀ ਪਤਨੀ ਦੀ ਕਬਰ ਦੇ ਰੂਪ ਵਿਚ ਭਾਰਤੀ ਸ਼ਹਿਨਸ਼ਾਹ ਸ਼ਾਹਜਹਾਂ ਵੱਲੋਂ ਬਣਾਇਆ ਗਿਆ ਤਾਜ ਮਹਿਲ ਹੈ। ਬਾਈਬਲ ਸਾਨੂੰ ਖ਼ੁਦਾ ਦੀ ਭਲਿਆਈ ਨੂੰ ਯਾਦ ਦੁਆਉਣ ਲਈ ਬੱਦਲ ਵਿਚ ਸਤਰੰਗੀ ਪੀਂਘ (ਉਤਪਤ 9:8–17), ਯਾਕੂਬ ਦੇ ਪੱਥਰ ਜੋ ਉਸ ਨੂੰ ਇਹ ਯਾਦ ਦੁਆਉਣ ਲਈ ਮਦਦਗਾਰ ਸਨ ਕਿ ਖ਼ੁਦਾ ਉਸ ਦੇ ਨਾਲ ਸੀ (ਉਤਪਤ 28:10–22), ਅਤੇ ਪਸਾਹ ਦਾ

ਪਰਬ ਜਿਹੜਾ ਇਸਰਾਏਲੀਆਂ ਨੂੰ ਮਿਸਰ ਵਿੱਚੋਂ ਨਿਕਲਣ ਨੂੰ ਯਾਦ ਦੁਆ ਲਈ (ਕੂਚ 12:14) ਸਣੇ ਕਈ ਯਾਦਗਾਰਾਂ ਦੱਸਦੀ ਹੈ। ਅੱਜ ਅਸੀਂ ਆਪਣੇ ਅਜ਼ੀਜ਼ਾਂ ਦੀਆਂ ਕਬਰਾਂ ਤੇ ਪੱਥਰ ਲਗਾ ਕੇ ਉਨ੍ਹਾਂ ਉੱਤੇ ਉਨ੍ਹਾਂ ਦਾ ਨਾਂਅ ਲਿਖ ਦਿੰਦੇ ਹਾਂ ਤਾਂ ਜੋ ਉਨ੍ਹਾਂ ਦੀ ਯਾਦ ਬਣੀ ਰਹੇ। ਯਿਸੂ ਨੇ ਇਸ ਗੱਲ ਨੂੰ ਸਮਝਦਿਆਂ ਕਿ ਲੋਕ ਛੇਤੀ ਹੀ ਭੁੱਲ ਜਾਣਗੇ, ਸਭ ਤੋਂ ਵੱਡੀ ਯਾਦਗਾਰ ਬਣਾ ਦਿੱਤੀ ਜਿਸ ਨੂੰ ਪ੍ਰਭੂ ਭੋਜ ਆਖਿਆ ਜਾਂਦਾ ਹੈ।

ਉਸ ਯਾਦਗਾਰ ਲਈ, ਉਹ ਆਪਣੀ ਮਰਜ਼ੀ ਨਾਲ ਜੋ ਚਾਹੇ, ਸਮੱਗਰੀ ਚੁਣ ਸਕਦਾ ਸੀ। ਸੰਗਮਰਮਰ, ਕੀਮਤੀ ਧਾਤਾਂ, ਬੇਸ਼ਕੀਮਤੀ ਜਵਾਹਰਾਤ–ਇਨ੍ਹਾਂ ਸਭ ਦੀ ਵਰਤੋਂ ਕੀਤੀ ਜਾ ਸਕਦੀ ਸੀ, ਕਿਉਂਕਿ ਉਹ ਇਸ ਯੋਗ ਹੈ ਕਿ ਉਸ ਦੀ ਯਾਦਗਾਰ ਦੁਨੀਆਂ ਦੀ ਸਭ ਤੋਂ ਮਹਿੰਗੀ ਯਾਦਗਾਰ ਹੋਵੇ। ਪਰ ਉਸਨੇ ਧਰਤੀ ਤੇ ਮਿਲਣ ਵਾਲੀਆਂ ਦੋ ਸਭ ਤੋਂ ਆਮ ਚੀਜ਼ਾਂ ਦੀ ਚੋਣ ਕੀਤੀ:

(1) *ਰੋਟੀ*। ‘‘ਜਦ ਉਹ ਖਾ ਰਹੇ ਸਨ ਤਦ ਯਿਸੂ ਨੇ ਰੋਟੀ ਲਈ ਅਤੇ ਬਰਕਤ ਦੇ ਕੇ ਤੋੜੀ ਅਰ ਚੇਲਿਆਂ ਨੂੰ ਦੇ ਕੇ ਆਖਿਆ, ਲਓ ਖਾਓ, ਇਹ ਮੇਰਾ ਸਰੀਰ ਹੈ’’ (ਮੱਤੀ 26:26)। ਰੋਟੀ ਸ਼ਾਇਦ ਦੁਨੀਆਂ ਵਿਚ ਹਰ ਥਾਂ ਮਿਲ ਸਕਣ ਵਾਲਾ ਭੋਜਨ ਹੈ। ਦੁਨੀਆਂ ਦਾ ਹਰ ਬੰਦਾ ਰੋਟੀ ਖਾਂਦਾ ਹੈ। ਕਣਕ ਜਿਸ ਨਾਲ ਆਮ ਤੌਰ ਤੇ ਰੋਟੀ ਬਣਦੀ ਹੈ, ਦੁਨੀਆਂ ਵਿਚ ਪਾਇਆ ਜਾਣ ਵਾਲਾ ਸਭ ਤੋਂ ਮਸ਼ਹੂਰ ਅਨਾਜ ਹੈ।

ਯਿਸੂ ਜਿਹੜੀ ਰੋਟੀ ਖਾਂਦਾ ਸੀ ਉਹ ਕਿਹੋ ਜਿਹੀ ਲਗਦੀ ਸੀ? ਅਣਜਾਣਪੁਣੇ ਵਿਚ ਲੋਕਾਂ ਵੱਲੋਂ ਪ੍ਰਭੂ ਭੋਜ ਲੈਣ ਵੇਲੇ ਸਾਲਟ ਲਾਈਨ ਕ੍ਰੈਕਰ,[4] ਫ੍ਰੈਂਕ ਲੋਵਜ਼[5] ਜਾਂ ਖ਼ਮੀਰੇ ਆਟੇ ਦੇ ਬੰਦ ਵਰਤੇ ਜਾਣ ਦਾ ਪਤਾ ਲਗਦਾ ਹੈ। ਪਰ ਯਾਦ ਰੱਖੋ ਕਿ ਯਿਸੂ ਨੇ ਪ੍ਰਭੂ ਭੋਜ ਦੀ ਸਥਾਪਨਾ ਪਸਾਹ ਦੇ ਪਰਬ ਵੇਲੇ ਕੀਤੀ (ਮੱਤੀ 26:19)। ਉਸ ਪਰਬ ਦੌਰਾਨ, ਘਰ ਵਿੱਚੋਂ ਹਰ ਤਰ੍ਹਾਂ ਦਾ ਖ਼ਮੀਰ[6] ਕੱਢ ਦਿੱਤਾ ਜਾਂਦਾ ਸੀ (ਕੂਚ 12:15); ਪਰਬ ਦੌਰਾਨ ਵਰਤੀ ਜਾਣ ਵਾਲੀ ਰੋਟੀ ਸਿਰਫ਼ ਅਖ਼ਮੀਰੀ ਜਾਂ ਰੋਟੀ ਹੀ ਹੁੰਦੀ ਸੀ (ਕੂਚ 12:8)। ਪ੍ਰਭੂ ਭੋਜ ਦੀ ਸਥਾਪਨਾ ਵਿਚ *ਇਸੇ* ਰੋਟੀ ਦੀ ਵਰਤੋਂ ਕੀਤੀ ਗਈ ਸੀ। ਅਖ਼ਮੀਰੀ ਜਾਂ ਤਾਜੇ ਆਟੇ ਦੀ ਰੋਟੀ ਖ਼ਾਸ ਤੌਰ ਤੇ ਨਵੇਂ ਨੇਮ ਵਿਚ ਯਿਸੂ ਦੀ ਦੇਹ ਨੂੰ ਦਰਸਾਉਣ ਲਈ ਢੁਕਵੀਂ ਹੈ, ਕਿਉਂਕਿ ਖ਼ਮੀਰ ਦੀ ਵਰਤੋਂ ਆਮ ਤੌਰ ਤੇ ਪਾਪ ਦੇ ਬਣੇ ਰਹਿਣ ਵਾਲੇ ਅਸਰ ਨੂੰ ਵਿਖਾਉਣ ਲਈ ਕੀਤੀ ਜਾਦੀ ਹੈ (ਵੇਖੋ 1 ਕੁਰਿੰਥੀਆਂ 5:8)। ਖ਼ਮੀਰ ਦੇ ਬਗੈਰ ਰੋਟੀ ਮਸੀਹ ਦੀ ਪਾਪ ਰਹਿਤ ਦੇਹ ਦਾ ਸਹੀ ਪ੍ਰਤੀਕ ਹੈ (ਇਬਰਾਨੀਆਂ 4:15)।[7]

(2) *ਦਾਖ ਦਾ ਰਸ।*

> ਫਿਰ ਉਸ ਨੇ ਪਿਆਲਾ ਲੈ ਕੇ ਸ਼ੁਕਰ ਕੀਤਾ ਅਤੇ ਉਨ੍ਹਾਂ ਨੂੰ ਦੇ ਕੇ ਆਖਿਆ, ਤੁਸੀਂ ਸਾਰੇ ਇਸ ਵਿੱਚੋਂ ਪਿਓ। ਅਤੇ ਮੈਂ ਤੁਹਾਨੂੰ ਆਖਦਾ ਹਾਂ ਕਿ ਜੋ ਇਦੋਂ ਅੱਗੇ ਮੈਂ ਇਸ ਅੰਗੂਰ ਦੇ ਰਸ ਨੂੰ ਕਦੇ ਨਾ ਪੀਵਾਂਗਾ ਜਿਸ ਦਿਨ ਤੀਕੁਰ ਤੁਹਾਡੇ ਨਾਲ ਆਪਣੇ ਪਿਤਾ ਦੇ ਰਾਜ ਵਿਚ ਉਹ ਨਵਾਂ ਨਾ ਪੀਵਾਂ (ਮੱਤੀ 26:27–29)।

ਉਸ ਵਕਤ ਅਤੇ ਥਾਂ ‘‘ਅੰਗੂਰ ਦਾ ਰਸ’’ ਦਾਖਰਸ ਜਾਂ ਦਾਖ ਦੇ ਰਸ ਨੂੰ ਕਿਹਾ ਜਾਂਦਾ ਸੀ। ਇਹ ਧਿਆਨ ਦਿੱਤਾ ਜਾ ਸਕਦਾ ਹੈ ਕਿ ਪ੍ਰਭੂ ਭੋਜ ਲਈ ਅੰਗ੍ਰੇਜ਼ੀ ਸ਼ਬਦ ‘‘wine’’ ਲਈ ਯੂਨਾਨੀ ਸ਼ਬਦ (*oinos*) ਨਹੀਂ ਬਲਕਿ ‘‘ਅੰਗੂਰ ਦਾ ਰਸ’’ (fruit of the vine) ਵਰਤਿਆ ਗਿਆ ਹੈ ਜੋ ਕਿ ਅੰਗੂਰ ਦਾ ਰਸ ਹੈ। ਅੰਗੂਰ ਵੀ ਖਾਣ ਵਾਲੀ ਇਕ ਆਮ ਚੀਜ਼ ਹੈ। ਭਾਵ ਭਾਵੇਂ ਇਹ ਕਣਕ ਵਾਂਗ ਹਰ ਥਾਂ ਨਹੀਂ ਮਿਲਦਾ ਪਰ ਦੁਨੀਆਂ ਦੇ ਜ਼ਿਆਦਾਤਰ ਹਿੱਸਿਆਂ ਵਿਚ ਅੰਗੂਰ ਪਾਏ ਜਾਂਦੇ ਹਨ।[8] ਫੇਰ ‘‘ਅੰਗੂਰ ਦਾ ਰਸ’’ ਸੰਗਤੀ ਦੇ ਇਸ ਭਾਗ ਨਾਲ ਮੇਲ ਖਾਂਦਾ ਹੈ। ਇਸ ਨੂੰ ਸੰਜੋਗ ਕਹੋ ਜਾਂ ਨਾ,

ਦਾਖਰਸ ਦੀ ਲਾਲ ਭਾ[9] ਵਿਚ ਸਾਡੇ ਵਿੱਚੋਂ ਕਈਆਂ ਨੂੰ ਯਿਸੂ ਦੇ ਲਹੂ ਦੀ ਲਾਲੀ ਦੀ ਝਲਕ ਮਿਲਦੀ ਹੈ।

ਯਿਸੂ ਨੇ ਇਸ ਸਿੱਧੀ ਜਿਹੀ ਯਾਦਗਾਰ ਦੀ ਸਥਾਪਨਾ ਤੋਂ ਆਮ ਜਿਹੀ ਚੀਜ਼ਾਂ ਭਾਵ ਅਖ਼ਮੀਰੀ ਰੋਟੀ ਅਤੇ ਅੰਗੂਰ ਦੇ ਰਸ ਨਾਲ ਜੋੜੀ। ਅਫ਼ਸੋਸ ਦੀ ਗੱਲ ਹੈ ਕਿ ਕੁਝ ਲੋਕਾਂ ਲਈ ਇਹ *ਜ਼ਿਆਦਾ ਹੀ* ਅਸਾਨ ਹੈ। ਅਤੇ ਉਨ੍ਹਾਂ ਨੂੰ ਸੰਗਤੀ ਦੀ ਸੇਵਾ ਨੂੰ ਇਕ ਰਹੱਸ ਦੀ ਗੱਲ ਬਣਾ ਦਿੱਤਾ ਹੈ। ਇਸ ਨੂੰ ਇਕ ਪੇਚੀਦਾ ਸਮਾਰੋਹ ਬਣਾ ਦਿੱਤਾ ਗਿਆ ਹੈ ਜਿਸ ਨੂੰ ''ਮਾਸ'' ਦਾ ਨਾਂਅ ਦਿੱਤਾ ਜਾਂਦਾ ਹੈ। ਜਿਸ ਵਿਚ (ਇਹ ਦਾਅਵਾ ਕੀਤਾ ਜਾਂਦਾ ਹੈ) ਰੋਟੀ ਯਿਸੂ ਦੇ ਮਾਸ ਵਿਚ ਅਤੇ ਦਾਖ ਰਸ ਯਿਸੂ ਦੇ ਲਹੂ ਵਿਚ ਬਦਲ ਜਾਂਦੀ ਹੈ। (ਉਹ ਮੰਨਦੇ ਹਨ ਕਿ ਇਹ ਚੀਜ਼ਾਂ ਰੋਟੀ ਅਤੇ ਦਾਖਰਸ ਵਰਗੀਆਂ ਹੀ *ਲਗਦੀਆਂ* ਅਤੇ *ਸਵਾਦ* ਦਿੰਦੀਆਂ ਹਨ, ਪਰ ਫਿਰ ਵੀ ਜ਼ਿਦ ਕਰਦੇ ਹਨ ਕਿ ਇਹ ਸਚਮੁਚ ਪ੍ਰਭੂ ਦੀ ਦੇਹ ਜਾਂ ਉਸ ਦਾ ਲਹੂ ਬਣ ਜਾਂਦੀਆਂ ਹਨ।) ਇਸ ਗੱਲ ਦੇ ਸਬੂਤ ਲਈ ਉਹ ਵਿਖਾਉਂਦੇ ਹਨ ਕਿ ਯਿਸੂ ਨੇ ਆਖਿਆ, ''ਇਹ ਮੇਰਾ ਸਰੀਰ *ਹੈ*'' ਅਤੇ ''ਇਹ ਮੇਰਾ ਲਹੂ *ਹੈ*'' (ਮੱਤੀ 26:26, 28)।

ਬਾਈਬਲ ਦੀ ਵਿਆਖਿਆ ਲਈ ਸਹਿਜ ਬੁੱਧੀ ਦਾ ਹੋਣਾ ਬੜਾ ਜ਼ਰੂਰੀ ਹੈ। ਕਿਉਂਕਿ ਯਿਸੂ ਆਪਣੇ ਚੇਲਿਆਂ ਦੇ ਸਾਹਮਣੇ ਖਲੋਤਾ ਸੀ ਅਤੇ ਉਹ ਦੇਹ ਵਿਚ ਸੀ ਅਤੇ ਉਸ ਦਾ ਲਹੂ ਉਸ ਦੀਆਂ ਰਗਾਂ ਵਿਚ ਵਹਿ ਰਿਹਾ ਸੀ। ਉਸ ਦੇ ਕਹਿਣ ਦਾ ਮਤਲਬ ਇਹ ਨਹੀਂ ਹੋ ਸਕਦਾ ਸੀ ਕਿ ਉਸ ਦਾ ਮਾਸ ਅਤੇ ਲਹੂ ਉਹ ਰੋਟੀ ਅਤੇ ਦਾਖਰਸ ਹਨ। ਉਸ ਨੇ ਇਕ ਰੂਪਕ ਦੀ ਵਰਤੋਂ ਕੀਤੀ, ਜਿਵੇਂ ਉਹ ਆਮ ਤੌਰ ਤੇ ਕਰਦਾ ਸੀ। ਉਸ ਨੇ ਆਖਿਆ, ''ਅੰਗੂਰ ਦੀ ਵੇਲ *ਮੈਂ ਹਾਂ*'' ਅਤੇ ''ਬੂਹਾ *ਮੈਂ ਹਾਂ*'' (ਯੂਹੰਨਾ 15:5; 10:9)।[10] ਉਸ ਦੇ ਕਹਿਣ ਤੋਂ ਭਾਵ ਇਹ ਨਹੀਂ ਸੀ ਕਿ ਉਹ ਸਚਮੁਚ ਅੰਗੂਰ ਦੀ ਵੇਲ ਬਣ ਗਿਆ ਹੈ (ਉਸ ਨੂੰ ਅੰਗੂਰ ਨਹੀਂ ਲੱਗੇ ਹੋਏ ਸਨ) ਜਾਂ ਇਹ ਕਿ ਉਹ ਕੋਈ ਦਰਵਾਜ਼ਾ ਹੈ (ਉਸ ਦੇ ਕਬਜ਼ੇ ਨਹੀਂ ਲੱਗੇ ਹੋਏ ਸਨ), ਬਲਕਿ ਉਸ ਦੇ ਕਹਿਣ ਦਾ ਮਤਲਬ ਇਹ ਸੀ ਕਿ ਉਸ ਵਿਚ ਅਤੇ ਅੰਗੂਰ ਦੀ ਵੇਲ ਵਿਚ, ਉਸ ਵਿਚ ਅਤੇ ਦਰਵਾਜ਼ੇ ਵਿਚ ਮਿਲਦੀਆਂ ਜੁਲਦੀਆਂ ਗੱਲਾਂ ਹਨ। ਰੂਪਕ ਜਾਂ ਅਲੰਕਾਰ ਦੀ ਭਾਸ਼ਾ ਨਵੀਂ ਨਹੀਂ ਹੈ। ਜੇ ਮੈਂ ਤੁਹਾਨੂੰ ਇਕ ਤਸਵੀਰ ਵਿਖਾਉਂਦੇ ਹੋਏ ਇਹ ਕਹਾਂ, ''ਇਹ ਮੇਰੀ ਪਤਨੀ ਹੈ'' ਤਾਂ ਤੁਸੀਂ ਇਹ ਨਹੀਂ ਮੰਨ ਲਓਗੇ ਕਿ ਉਹ ਤਸਵੀਰ ਹੀ ਮੇਰੀ ਪਤਨੀ ਹੈ। ਤੁਹਾਨੂੰ ਪਤਾ ਹੈ ਕਿ ਤਸਵੀਰ ਤੋਂ ਇਹ ਪਤਾ ਲਗਦਾ ਹੈ ਕਿ ਮੇਰੀ ਪਤਨੀ ਕਿਹੋ ਜਿਹੀ ਹੈ। ਉਵੇਂ ਹੀ ਰੋਟੀ ਅਤੇ ਦਾਖਰਸ ਸਾਡੇ ਪ੍ਰਭੂ ਦੀ ਦੇਹ ਅਤੇ ਲਹੂ ਨੂੰ ਦਰਸਾਉਂਦੇ ਹਨ।

ਯਿਸੂ ਨੇ ਸਭ ਤੋਂ ਅਵਿਨਾਸ਼ੀ ਯਾਦਗਾਰ ਨੂੰ ਬਣਾਉਣ ਲਈ ਸਭ ਤੋਂ ਨਾਸ਼ਵਾਨ ਚੀਜ਼ਾਂ ਦੀ ਵਰਤੋਂ ਕੀਤੀ। ਵਕਤ ਨਾਲ ਪੱਥਰ ਘਸ ਜਾਂਦਾ ਹੈ, ਕੀਮਤੀ ਧਾਤਾਂ ਨਸ਼ਟ ਹੋ ਜਾਂਦੀਆਂ ਹਨ ਅਤੇ ਜਵਾਹਰਾਤ ਚੋਰੀ ਹੋ ਸਕਦੇ ਹਨ, ਪਰ ਕਣਕ ਅਤੇ ਅੰਗੂਰ ਨਹੀਂ ਮੁੱਕਦੇ। ਇਸ ਯਾਦਗਾਰ ਨੂੰ ਵੇਖਣ ਲਈ ਸਾਨੂੰ ਯਰੂਸ਼ਲਮ ਦੀ ਯਾਤਰਾ ਜਾਂ ਕਿਸੇ ਦੂਰ ਦੁਰੇਡੇ ਥਾਂ ਦਾ ਦੌਰਾ ਕਰਨ ਦੀ ਲੋੜ ਨਹੀਂ ਹੈ; ਇਹ ਪਹਿਲਾਂ ਤੋਂ ਹੀ ਸਾਡੇ ਸਭ ਦੀ ਪਹੁੰਚ ਵਿਚ ਹੈ। ਇਹ ਸਾਡੀ ਪਹੁੰਚ ਵਿਚ ਹਨ, ਇੱਥੋਂ ਤਕ ਕਿ ਗਰੀਬ ਤੋਂ ਗਰੀਬ ਆਦਮੀ ਇਨ੍ਹਾਂ ਦੋ ਆਮ ਚੀਜਾਂ ਨੂੰ ਖ਼ਰੀਦ ਸਕਦਾ ਹੈ। ਇਹ ਯਾਦਗਾਰ ਨਿਰੋਲ, ਰੱਬੀ ਅਤੇ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤੀ ਬੁੱਧ ਦਾ ਨਮੂਨਾ ਹੈ।

**ਗੀਤ।**

**ਦੁਆ।**

**ਟਿੱਪਣੀਆਂ:**

ਲੋਕ ਪ੍ਰਭੂ ਭੋਜ ਵਿਚ ਸਵਾਲ ਪੁੱਛਦੇ ਹਨ। ਉਦਾਹਰਣ ਵਿਚ ਉਹ ''ਯੁਖਰਿਸਤ,'' ''ਮਾਸ,'' ''ਸੈਕਰਾਮੈਂਟ'' ਵਰਗੇ ਸ਼ਬਦ ਸੁਣ ਕੇ ਦੰਗ ਹੁੰਦੇ ਹਨ ਅਤੇ ਉਨ੍ਹਾਂ ਨੂੰ ਸਮਝ ਨਹੀਂ ਆਉਂਦਾ ਕਿ ਇਸ ਸਮਾਰੋਹ ਨੂੰ ਕੀ ਕਿਹਾ *ਜਾਵੇ*? ਬਾਈਬਲ ਵਿਚ ਇਸ ਯਾਦਗਾਰ ਲਈ ਚਾਰ ਨਾਂਅ ਦੱਸੇ ਗਏ

ਹਨ: ''ਪ੍ਰਭੂ ਭੋਜ'' (1 ਕੁਰਿੰਥੀਆਂ 11:20); ''ਰੋਟੀ ਤੋੜਨਾ'' (ਰਸੂਲਾਂ ਦੇ ਕੰਮ 2:42; ਵੇਖੋ ਰਸੂਲਾਂ ਦੇ ਕੰਮ 20:7); ''ਸਾਂਝ'' (1 ਕੁਰਿੰਥੀਆਂ 10:16; KJV[11]); ਅਤੇ ''ਪ੍ਰਭੂ ਦੀ ਮੇਜ਼'' (1 ਕੁਰਿੰਥੀਆਂ 10:21)। ਬਾਈਬਲ ਦੀ ਹੀ ਭਾਸ਼ਾ ਨੂੰ ਮੰਨੀਏ ਤਾਂ ਵਧੀਆ ਹੈ (1 ਪਤਰਸ 4:11)।

ਸ਼ਾਇਦ ਸਭ ਤੋਂ ਵੱਧ ਪੁੱਛਿਆ ਜਾਣ ਵਾਲਾ ਸਵਾਲ ਇਹ ਹੈ ਕਿ ''ਸਾਨੂੰ ਇਸ ਵਿਚ *ਕਦੋਂ* ਹਿੱਸਾ ਲੈਣਾ ਚਾਹੀਦਾ ਹੈ?'' ਇਸ ਯਾਦਗਾਰ ਨੂੰ ਕਾਇਮ ਕਰਨ ਵੇਲੇ ਯਿਸੂ ਨੂੰ ਇਹ ਦੱਸੇ ਬਗੈਰ ਕਿ ਕਿੰਨੀ ਵਾਰ ਅਤੇ ਕਦੋਂ ਹਿੱਸਾ ਲੈਣਾ ਜ਼ਰੂਰੀ ਹੈ, ਕਿਹਾ, ''ਕਿਉਂਕਿ *ਜਦ ਕਦੇ* ਤੁਸੀਂ ਇਹ ਰੋਟੀ ਖਾਓ ਅਤੇ ਪਿਆਲਾ ਪਿਓ ਤਾਂ ਤੁਸੀਂ ਪ੍ਰਭੂ ਦੀ ਮੌਤ ਦਾ ਪ੍ਰਚਾਰ ਕਰਦੇ ਰਹਿੰਦੇ ਹੋ ...'' (1 ਕੁਰਿੰਥੀਆਂ 11:26), ਇਸ ਕਰਕੇ ਕੁਝ ਲੋਕਾਂ ਨੇ ਨਿਚੋੜ ਕੱਢ ਲਿਆ ਹੈ ਕਿ ਉਹ ਜਦੋਂ ਚਾਹੇ ਇਸ ਵਿਚ ਹਿੱਸਾ ਲੈ ਸਕਦੇ ਹਨ। ਕੋਲ ਦੇ ਸ਼ਹਿਰ ਦੀ ਇਕ ਕਲੀਸੀਆ ਦੇ ਬੋਰਡ ਤੇ ਇਹ ਸੰਦੇਸ਼ ਲਿਖਿਆ ਹੋਇਆ ਹੈ: ''ਐਤਵਾਰ–ਪ੍ਰਭੂ ਭੋਜ *[ਸਮਾਂ]*; ਬੁੱਧਵਾਰ–ਪ੍ਰਭੂ ਭੋਜ *[ਸਮਾਂ]*; ਵੀਰਵਾਰ–ਪ੍ਰਭੂ ਭੋਜ *[ਸਮਾਂ]*।

''ਕਦੋਂ'' ਦੇ ਸਵਾਲ ਦਾ ਜਵਾਬ ਮੁੱਢਲੀ ਕਲੀਸੀਆ ਦੇ ਨਮੂਨੇ ਵਿਚ ਮਿਲ ਜਾਂਦਾ ਹੈ ਕਿ ਮਸੀਹੀ ਲੋਕ ਪ੍ਰਭੂ ਭੋਜ ਵਿਚ ਹਫ਼ਤੇ ਦੇ ਪਹਿਲੇ ਦਿਨ ਹਿੱਸਾ ਲੈਂਦੇ ਸਨ (ਰਸੂਲਾਂ ਦੇ ਕੰਮ 20:7), ਜੋ ਮੁੱਢਲੀ ਕਲੀਸੀਆ ਲਈ ਇਕੱਠੇ ਬੰਦਗੀ ਕਰਨ ਦਾ ਖ਼ਾਸ ਦਿਨ ਸੀ (1 ਕੁਰਿੰਥੀਆਂ 16:1, 2)। ਹਫ਼ਤੇ ਦੇ ਪਹਿਲੇ ਦਿਨ ਤੋਂ ਛੁੱਟ ਕਿਸੇ ਹੋਰ ਦਿਨ ਸਾਂਝ ਕਰਨ ਦਾ ਬਾਈਬਲ ਵਿਚ ਕੋਈ ਨਮੂਨਾ ਨਹੀਂ ਹੈ। ਹਫ਼ਤੇ ਦਾ ਪਹਿਲਾਂ (ਜਿਸ ਨੂੰ ਅਸੀਂ ਐਤਵਾਰ ਆਖਦੇ ਹਾਂ) ਮਸੀਹੀ ਲੋਕਾਂ ਲਈ ਖ਼ਾਸ ਯਾਦਗਾਰੀ ਦਿਨ ਹੈ ਕਿਉਂਕਿ ਹਫ਼ਤੇ ਦੇ ਪਹਿਲੇ ਦਿਨ ਮਸੀਹ ਜੀ ਉੱਠਿਆ ਅਤੇ ਉਸੇ ਦਿਨ ਆਪਣੇ ਚੇਲਿਆਂ ਨੂੰ ਵਿਖਾਈ ਦਿੱਤਾ ਸੀ (ਮੱਤੀ 28:1–6 ਅਤੇ ਫੇਰ ਯੂਹੰਨਾ 20:26 ਵਿਚ)। ਹਫ਼ਤੇ ਦੇ ਪਹਿਲੇ ਦਿਨ ਹੀ ਕਲੀਸੀਆ ਕਾਇਮ ਹੋਈ ਸੀ (ਰਸੂਲਾਂ ਦੇ ਕੰਮ 2:1–4; ਲੇਵੀਆਂ ਦੀ ਪੋਥੀ 23:15, 16)।

ਬਾਈਬਲ ਵਿਚ ਇਹ ਵੀ ਸੰਕੇਤ ਮਿਲਦਾ ਹੈ ਕਿ ਮੁੱਢਲੀ ਕਲੀਸੀਆ ਹਫ਼ਤੇ ਦੇ ਪਹਿਲੇ ਦਿਨ ਪ੍ਰਭੂ ਭੋਜ ਵਿਚ ਭਾਗ ਲੈਂਦੀ ਸੀ। ਉਹ ''ਹਫ਼ਤੇ ਦੇ ਪਹਿਲੇ ਦਿਨ'' (1 ਕੁਰਿੰਥੀਆਂ 16:2)[12] ਇਕੱਠੇ ਹੁੰਦੇ ਅਤੇ ਇਕੱਠੇ ਉਹ ''ਰੋਟੀ ਤੋੜਨ'' ਲਈ (ਰਸੂਲਾਂ ਦੇ ਕੰਮ 20:7) ਹੀ ਹੁੰਦੇ ਸਨ। ਪ੍ਰਭੂ ਦੇ ਦਿਨ ਦੀ ਹਰ ਬੰਦਗੀ ਵਿਚ ਸਾਂਝ ਹੁੰਦੀ ਸੀ ਇਸ ਕਰਕੇ ਉਨ੍ਹਾਂ ਦਾ ਇਸ ਵਿਚ ਭਾਗ ਲੈਣਾ ਹਰ ਹਫ਼ਤੇ ਹੁੰਦਾ ਹੋਵੇਗਾ। ਇਸ ਨਿਚੋੜ ਦੀ ਕਲੀਸੀਆ ਦੀਆਂ ਮੁੱਢਲੀਆਂ ਸਦੀਆਂ ਵਿਚ ਖ਼ੁਦਾ ਦੀ ਪ੍ਰੇਰਣਾ ਤੋਂ ਰਹਿਤ ਮਸੀਹੀ ਲੋਕਾਂ ਵੱਲੋਂ ਤਸਦੀਕ ਕੀਤੀ ਗਈ ਹੈ।[13] ਇਤਿਹਾਸਕਾਰ ਜੌਨ ਲਾਰੈਂਸ ਮੋਸ਼ੇਮ ਨੇ ਲਿਖਿਆ ਹੈ, ''ਮਸੀਹੀ ਬੰਦਗੀ ਵਿਚ ਭਜਨ, ਪ੍ਰਾਰਥਨਾਵਾਂ, ਬਾਈਬਲ ਪੜ੍ਹਨਾ, ਲੋਕਾਂ ਨੂੰ ਸੰਦੇਸ਼ ਦੇਣਾ ਹੁੰਦਾ ਸੀ ਅਤੇ ਇਸ ਦਾ ਅੰਤ ਪ੍ਰਭੂ ਭੋਜ ਦੇ ਸਮਾਰੋਹ ਨਾਲ ਹੁੰਦਾ ਸੀ।''[14]

ਇਕ ਹੋਰ ਸਵਾਲ ਹੈ ਕਿ ''ਇਹ ਯਾਦਗਾਰੀ *ਕਿਸ ਦੇ ਲਈ* ਹੁੰਦੀ ਸੀ?'' ਮਸੀਹ ਨੇ ਆਖਿਆ ਕਿ ਅੰਗੂਰ ਦਾ ਰਸ ਉਸ ਦੇ ''ਲਹੂ'' ਦਾ ਪ੍ਰਤੀਕ ਹੈ, ''ਜਿਹੜਾ ਬਹੁਤਿਆਂ ਦੀ ਖ਼ਾਤਰ ਪਾਪਾਂ ਦੀ ਮਾਫ਼ੀ ਲਈ ਵਹਾਇਆ'' ਗਿਆ ਸੀ (ਮੱਤੀ 26:28)। ਇਸ ਕਰਕੇ ਇਸ ਦੀ ਖ਼ਾਸ ਅਹਿਮੀਅਤ ਉਨ੍ਹਾਂ ਲੋਕਾਂ ਲਈ ਹੈ ਜਿਨ੍ਹਾਂ ਨੂੰ ਲਹੂ ਨਾਲ ਖ਼ਰੀਦੀ ਗਈ ਮਾਫ਼ੀ ਮਿਲੀ ਹੈ (ਰਸੂਲਾਂ ਦੇ ਕੰਮ 2:38; 20:28; ਪ੍ਰਕਾਸ਼ ਦੀ ਪੋਥੀ 1:5, 6)। ਇਸ ਤੋਂ ਇਲਾਵਾ ਯਿਸੂ ਨੇ ਸੰਕੇਤ ਦਿੱਤਾ ਕਿ ਇਹ ਭੋਜ ਰਾਜ ਵਿਚ ਲਏ ਜਾਣ ਵਾਸਤੇ ਹੈ (ਮੱਤੀ 26:29)। ਰਾਜ ਕਲੀਸੀਆ ਹੀ ਹੈ (ਮੱਤੀ 16:18, 19), ਇਸ ਕਰਕੇ ਪ੍ਰਭੂ ਦੀ ਕਲੀਸੀਆ ਦੇ ਲੋਕਾਂ ਲਈ ਇਹ ਯਾਦਗਾਰੀ ਹੈ। ਇਸ ਕਰਕੇ ਦੁਨੀਆਂ ਦੇ ਕਈ ਹਿੱਸਿਆਂ ਵਿਚ, ਸਿਰਫ਼ ਮਸੀਹੀ ਲੋਕਾਂ ਨੂੰ ਹੀ ਇਸ ਸਾਂਝ ਵਿਚ ਹਿੱਸਾ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ। ਕਈ ਥਾਂਵਾਂ ਤੇ ਮੰਡਲੀਆਂ ਦਾ ਮੰਨਣਾ ਹੈ 1 ਕੁਰਿੰਥੀਆਂ 11:28 ਨੂੰ ਇਸ ਹਾਲਤ ਲਈ ਲਾਗੂ ਕੀਤਾ ਜਾ ਸਕਦਾ ਹੈ ਕਿ ''ਮਨੁੱਖ ਆਪਣੇ ਆਪ ਨੂੰ ਪਰਖੇ।''[15] ਇਸ ਕਰਕੇ ਉਹ ਸਾਂਝ ਵਿਚ ਮੌਜੂਦ ਸਾਰੇ ਲੋਕਾਂ ਨੂੰ ਆਪੇ ਫ਼ੈਸਲਾ ਲੈਣ ਦਿੰਦੇ ਹਨ ਕਿ ਇਸ ਵਿਚ ਭਾਗ ਲੈਣ ਜਾਂ ਨਹੀਂ।

ਗੀਤ।

**ਟਿੱਪਣੀਆਂ:**

ਹੁਣ ਅਸੀਂ ਸਭ ਤੋਂ ਖ਼ਾਸ ਸਵਾਲ ਤੇ ਆਉਂਦੇ ਹਾਂ ਕਿ ''ਪ੍ਰਭੂ ਭੋਜ ਦਾ *ਮਕਸਦ* ਕੀ ਹੈ?'' ਫੇਰ, ਕੁਝ ਲੋਕ ਖ਼ੁਦਾ ਦੇ ਇੰਤਜ਼ਾਮ ਦੀ ''ਸਾਦਗੀ'' (2 ਕੁਰਿੰਥੀਆਂ 11:3) ਤੋਂ ਸੰਤੁਸ਼ਟ ਨਹੀਂ ਹੁੰਦੇ ਅਤੇ ਇਸ ਮੌਕੇ ਦੇ ਨਾਲ ਰਹੱਸ ਭਰੀਆਂ ਬਰਕਤਾਂ ਨੂੰ ਜੋੜ ਲੈਂਦੇ ਹਨ। ਕਈ ਤਾਂ ਇਹ ਵੀ ਸਿਖਾਉਂਦੇ ਹਨ ਕਿ ਇਸ ਤੋਂ ਪ੍ਰਭੂ ਭੋਜ ਵਿਚ ਭਾਗ ਲੈਣ ਦਾ ਮਕਸਦ ਪਾਪਾਂ ਦੀ ਮਾਫ਼ੀ ਪਾਉਣਾ ਹੈ।

ਜਿਵੇਂ ਪਹਿਲਾਂ ਕਿਹਾ ਗਿਆ ਸੀ, ਨਵੇਂ ਨੇਮ ਦੇ ਅਨੁਸਾਰ, ਪ੍ਰਭੂ ਭੋਜ ਇਕ *ਯਾਦਗਾਰੀ ਸੇਵਾ* (ਮੈਮੋਰੀਅਲ ਸਰਵਿਸ) ਹੈ। ਸਾਡੇ ਵਿੱਚੋਂ ਜ਼ਿਆਦਾਤਰ ਲੋਕਾਂ ਕੋਲ ਤਸਵੀਰਾਂ ਜਾਂ ਹੋਰ ਯਾਦਗਾਰਾਂ ਵਰਗੀਆਂ ਨਿਸ਼ਾਨੀਆਂ ਹੁੰਦੀਆਂ ਹਨ, ਜਿਨ੍ਹਾਂ ਨਾਲ ਸਾਨੂੰ ਖ਼ਾਸ ਲੋਕਾਂ ਅਤੇ ਖ਼ਾਸ ਘਟਨਾਵਾਂ ਨੂੰ ਯਾਦ ਰੱਖਣ ਵਿਚ ਮਦਦ ਮਿਲਦੀ ਹੈ। ਇਸੇ ਤਰ੍ਹਾਂ ਪ੍ਰਭੂ ਦੀ ਮੇਜ਼ ਦੇ ਕੋਲ ਅਸੀਂ ਉਸ ਦੀ ਅਤੇ ਉਸ ਦੀ ਕੁਰਬਾਨੀ ਦੀ ਯਾਦ ਲਈ ਇਕੱਠੇ ਹੁੰਦੇ ਹਾਂ। ਸੁਝਾਅ ਦਿੱਤਾ ਗਿਆ ਹੈ ਕਿ ਭੋਜ ਵਿਚ ਭਾਗ ਲੈਣ ਵੇਲੇ ਸਾਨੂੰ ਪੰਜ ਪਾਸਿਆਂ ਵੱਲ ਧਿਆਨ ਵਿਚ ਰੱਖਣਾ ਚਾਹੀਦਾ ਹੈ:

- ਸਾਨੂੰ ਸਲੀਬ ਵੱਲ ਪਿੱਛੇ *ਵੇਖ ਕੇ* ਯਾਦ ਕਰਨਾ ਚਾਹੀਦਾ ਹੈ ਕਿ ਯਿਸੂ ਨੇ ਸਾਡੇ ਵਾਸਤੇ ਕੀ ਕੀਤਾ ਹੈ।
- ਸਾਨੂੰ ਯਿਸੂ ਵੱਲ *ਉੱਪਰ* ਨੂੰ ਵੇਖਣਾ ਚਾਹੀਦਾ ਹੈ ਜਿਹੜਾ ਹੁਣ ਸੁਰਗ ਵਿਚ ਹੈ। ਪ੍ਰਭੂ ਭੋਜ ਵਿਚ ਭਾਗ ਲੈ ਕੇ ਅਸੀਂ ਇਸ ਗੱਲ ਦੀ ਤਸਦੀਕ ਕਰਦੇ ਹਾਂ ਕਿ ਉਹ ਮੁਰਦਿਆਂ ਵਿੱਚੋਂ ਜੀ ਉੱਠ ਕੇ ਆਪਣੇ ਪਿਤਾ ਕੋਲ ਉੱਪਰ ਉਠਾ ਲਿਆ ਗਿਆ ਹੈ। ਇਸ ਦਾ ਮਤਲਬ ਇਹ ਹੋਇਆ ਕਿ ਸਾਂਝ ਸਾਨੂੰ ਇਹ ਪੱਕਿਆਂ ਕਰਦੀ ਹੈ ਕਿ ਮਸੀਹ ਸਾਡੇ ਲਈ ਸਿਫ਼ਾਰਿਸ਼ ਕਰਨ ਲਈ ਪਿਤਾ ਦੇ ਸੱਜੇ ਹੱਥ ਹੈ (ਰੋਮੀਆਂ 8:34)।
- ਸਾਨੂੰ ਮਸੀਹ ਦੀ ਦੂਜੀ ਆਮਦ ਵੱਲ *ਅੱਗੇ ਨੂੰ* ਵੇਖਣਾ ਚਾਹੀਦਾ ਹੈ। ਪੌਲੁਸ ਨੇ ਲਿਖਿਆ ਹੈ ਕਿ ਅਸੀਂ ਪ੍ਰਭੂ ਦੀ ਮੌਤ ਦਾ ''ਜਦ ਤੀਕੁਰ ਉਹ ਨਾ ਆਵੇ'' ਪ੍ਰਚਾਰ ਕਰਦੇ ਹਾਂ (1 ਕੁਰਿੰਥੀਆਂ 11:26)। ਇਕ ਅਰਥ ਵਿਚ ਸਾਂਝ ਉਸ ਦੀ ਵਾਪਸੀ ਦੀ ਸੌਂਹ ਦਾ ਕੰਮ ਕਰਦੀ ਹੈ। ਉਸ ਵਿਚ ਹਿੱਸਾ ਲੈ ਕੇ ਅਸੀਂ ਸਾਨੂੰ ਸੁਰਗ ਵਿਚ ''ਵਿਆਹ ਦੀ ਵੱਡੀ ਦਾਅਵਤ'' ਦਾ ਪੂਰਾ ਸੁਆਦ ਮਿਲਦਾ ਹੈ, ਜਿੱਥੇ ਅਸੀਂ ਉਸ ਦੇ ਨਾਲ ਸਾਂਝ ਵਿਚ ਬੈਠਾਂਗੇ (ਪ੍ਰਕਾਸ਼ ਦੀ ਪੋਥੀ 19:7, 9)।
- ਸਾਨੂੰ ਸਾਥੀ ਮਸੀਹੀ ਲੋਕਾਂ ਵੱਲ *ਬਾਹਰ ਨੂੰ* ਵੇਖਣਾ ਚਾਹੀਦਾ ਹੈ। ਨਾ ਸਿਰਫ਼ ਅਸੀਂ ਮਸੀਹ ਦੇ ਨਾਲ ਸਾਂਝ ਕਰਦੇ ਹਾਂ, ਬਲਕਿ ''ਬਰਕਤ ਦਾ ਪਿਆਲਾ'' ਅਤੇ ''ਰੋਟੀ'' ਵਿਚ ਭਾਗ ਲੈ ਕੇ ਅਸੀਂ ਇਕ ਦੂਜੇ ਨਾਲ ਵੀ ਸਾਂਝ ਕਰਦੇ ਹਾਂ (1 ਕੁਰਿੰਥੀਆਂ 10:16)। ''ਰੋਟੀ ਇੱਕੋ ਹੈ ਇਸ ਲਈ ਅਸੀਂ ਜੋ ਬਾਹਲੇ ਹਾਂ ਸੋ ਰਲ ਕੇ ਇਕ ਸਰੀਰ ਹਾਂ ਕਿਉਂ ਜੋ ਅਸੀਂ ਸਭੇ ਇਕ ਰੋਟੀ ਵਿਚ ਸਾਂਝੀ ਹਾਂ'' (1 ਕੁਰਿੰਥੀਆਂ 10:17)।
- ਸਾਨੂੰ ਆਪਣੀ ਪਰਖ ਲਈ *ਅੰਦਰ* ਵੱਲ ਨੂੰ ਝਾਕਣਾ ਚਾਹੀਦਾ ਹੈ। ''ਪਰ ਮਨੁੱਖ ਆਪਣੇ ਆਪਨੂੰ ਪਰਖੇ ਅਤੇ ਇਉਂ ਇਸ ਰੋਟੀ ਵਿੱਚੋਂ ਖਾਵੇ ਅਤੇ ਪਿਆਲੇ ਵਿੱਚੋਂ ਪੀਏ'' (1 ਕੁਰਿੰਥੀਆਂ 11:28; KJV)।

ਸਾਨੂੰ ਇਸ *ਅਨੋਖੀ ਯਾਦਗਾਰੀ ਲਈ* ਤਿਆਰੀ ਕਿਵੇਂ ਕਰਨੀ ਚਾਹੀਦੀ ਹੈ? ਖ਼ਾਸ ਤਿਆਰੀ ਨਾਲ ਨਾਲ ਆਮ ਤਿਆਰੀ ਵੀ ਜ਼ਰੂਰੀ ਹੈ। ਆਮ ਤੌਰ ਤੇ ਸਾਨੂੰ ਪ੍ਰਭੂ ਭੋਜ ਲਈ ਆਪਣੇ ਮਨਾਂ ਅਤੇ

ਜ਼ਿੰਦਗੀ ਨੂੰ ਉਵੇਂ ਹੀ ਤਿਆਰ ਕਰਨਾ ਚਾਹੀਦਾ ਹੈ, ਜਿਵੇਂ ਅਸੀਂ ਸਰਵਸ਼ਕਤੀਮਾਨ ਦੀ ਬੰਦਗੀ ਲਈ ਆਪਣੇ ਆਪ ਨੂੰ ਤਿਆਰ ਕਰਦੇ ਹਾਂ। ਪੌਲੁਸ ਨੇ ਕੁਰਿੰਥੁਸ ਦੇ ਮਸੀਹੀ ਲੋਕਾਂ ਨੂੰ ਦੱਸਿਆ, ''ਤੁਸੀਂ ਪ੍ਰਭੂ ਦਾ ਪਿਆਲਾ, ਨਾਲੇ ਭੂਤਾਂ ਦਾ ਪਿਆਲਾ ਦੋਵੇਂ ਨਹੀਂ ਪੀ ਸਕਦੇ''[16] (1 ਕੁਰਿੰਥੀਆਂ 10:21)। ਉਨ੍ਹਾਂ ਲਈ ਇਹ ਗੱਲ ਮੇਲ ਨਹੀਂ ਖਾਂਦੀ ਹੋਵੇਗੀ ਕਿ ਸਨਿਚਰਵਾਰ ਨੂੰ ਤਾਂ ਮੂਰਤਾਂ ਅੱਗੇ ਚੜ੍ਹਾਵੇ ਖਾ ਲੈਣ ਅਤੇ ਐਤਵਾਰ ਨੂੰ ਪ੍ਰਭੂ ਭੋਜ ਵਿਚ ਭਾਗ ਲੈ ਲੈਣ। ਇਸੇ ਤਰ੍ਹਾਂ ਸਾਨੂੰ ਆਪਣੀਆਂ ਜ਼ਿੰਦਗੀਆਂ ਨੂੰ ਮਸੀਹ ਦੀਆਂ ਸਿੱਖਿਆਵਾਂ ਨਾਲ ਮੇਲ ਖਾਂਦੀਆਂ ਬਣਾਉਣ ਦੀ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਭੋਜ ਵਿਚ ਭਾਗ ਲੈਣ ਲਈ ਖ਼ਾਸ ਤਿਆਰੀ ਵੀ ਕਰਨੀ ਜ਼ਰੂਰੀ ਹੈ। ਮੈਂ ਆਪਣੇ ਮਨਾਂ ਨੂੰ ਤਿਆਰ ਕਰਨ ਦੀ ਗੱਲ ਕਰ ਰਿਹਾ ਹਾਂ, ਜਿਸ ਵਿਚ ਅਸੀਂ ਮਨ ਦੀ ਸਹੀ ਸੋਚ ਵਿਚ ਆਪਣੇ ਆਪ ਨੂੰ ਢਾਲੀਏ। ਯਾਦ ਰੱਖੋ ਕਿ 1 ਕੁਰਿੰਥੀਆਂ 11 ਵਿਚ ਪੌਲੁਸ ਨੇ ਕੀ ਲਿਖਿਆ ਹੈ:

> ਇਸ ਕਰਕੇ ਜੋ ਕੋਈ ਅਜੋਗਤਾ ਨਾਲ ਇਸ ਰੋਟੀ ਖਾਵੇ ਅਥਵਾ ਪ੍ਰਭੁ ਦਾ ਪਿਆਲਾ ਪੀਵੇ ਸੋ ਪ੍ਰਭੂ ਦੇ ਸਰੀਰ ਅਤੇ ਲਹੂ ਦਾ ਦੋਸ਼ੀ ਹੋਵੇਗਾ। ਪਰ ਮਨੁੱਖ ਆਪਣੇ ਆਪ ਨੂੰ ਪਰਖੇ ਅਤੇ ਇਉਂ ਇਸ ਰੋਟੀ ਵਿਚ ਖਾਵੇ ਅਤੇ ਪਿਆਲੇ ਵਿੱਚੋਂ ਪੀਵੇ। ਜਿਹੜਾ ਖਾਂਦਾ ਅਤੇ ਪੀਂਦਾ ਹੈ ਜੇ ਉਹ ਸਰੀਰ ਦੀ ਜਾਚ ਨਾ ਕਰੇ ਤਾਂ ਆਪਣੇ ਉੱਤੇ ਡੰਨ ਲਾ ਕੇ ਖਾਂਦਾ ਪੀਂਦਾ ਹੈ (ਆਇਤਾਂ 27–29)।

KJV ਵਿਚ ''ਜੋ ਕੋਈ *ਅਯੋਗ ਢੰਗ* ਨਾਲ ਇਹ ਰੋਟੀ ਖਾਵੇ ਅਥਵਾ ਪ੍ਰਭੂ ਦਾ ਪਿਆਲਾ ਪੀਵੇ ਸੋ ਪ੍ਰਭੂ ਦੇ ਸਰੀਰ ਅਤੇ ਲਹੂ ਦਾ ਦੋਸ਼ੀ ਹੋਵੇਗਾ।'' ਬਚਪਨ ਵਿਚ ਮੈਂ ਸੁਣਿਆ ਸੀ ਕਿ ਇਸ ਦਾ ਮਤਲਬ ਭਾਗ ਲੈਣ ਦੇ ''ਅਯੋਗ'' ਹੋਣਾ ਦੱਸਿਆ ਜਾਂਦਾ ਸੀ। ਪਰ KJV ਇੱਥੇ ''ਅਯੋਗ'' ਹੋਣਾ ਨਹੀਂ ਬਲਕਿ ''ਅਯੋਗ ਢੰਗ'' ਹੈ। ''ਅਯੋਗ ਢੰਗ'' ਤੋਂ ਭਾਵ ਸਾਡੇ ਚਾਲ ਚਲਣ ਤੋਂ ਨਹੀਂ ਬਲਕਿ ਇਸ ਅਰਥ ਵਿਚ ਹੈ ਕਿ ਰੋਟੀ ਅਤੇ ਦਾਖਰਸ ਵਿਚ *ਅਸੀਂ ਕਿਵੇਂ ਭਾਗ ਲੈਂਦੇ* ਹਾਂ। ਸਾਡੇ ਵਿੱਚੋਂ ਕੋਈ ਵੀ ਭੋਜ ਵਿਚ ਭਾਗ ਲੈਣ ਦੇ ਯੋਗ ਨਹੀਂ, ਪਰ ਉਸ ਤੇ ਧਿਆਨ ਲਾਉਂਦੇ ਹੋਏ ਜੋ ਪ੍ਰਭੂ ਭੋਜ ਤੋਂ ਪਤਾ ਲਗਦਾ ਹੈ, ਸਹੀ ਢੰਗ ਨਾਲ ਅਸੀਂ ਸਾਰੇ ਇਸ ਵਿਚ ਭਾਗ ਲੈ ਸਕਦੇ ਹਾਂ।

ਬਹੁਤ ਸਾਰੇ ਮਸੀਹੀ ਲੋਕ ਭੋਜ ਦੀ ਸੇਵਾ ਦੌਰਾਨ ਆਪਣੇ ਮਨ ਨੂੰ ਯਿਸੂ ਦੀ ਕੁਰਬਾਨੀ ਤੇ ਲਾਏ ਰਹਿੰਦੇ ਹਾਂ। ਅਸੀਂ ਪਹਿਲਾਂ ਹੀ ਪੰਜ ਪਾਸਿਆਂ ਤੋਂ ਵੇਖਣ ਦਾ ਸੁਝਾਅ ਦਿੱਤਾ ਸੀ, ਜੋ ਅਸੀਂ ਕਰ ਸਕਦੇ। ਕੁਝ ਹੋਰ ਵਿਚਾਰ ਵੀ ਹਨ। ਕੁਝ ਲੋਕ ਆਪਣੇ ਮਨਾਂ ਅੰਦਰ ਸਲੀਬ ਦੀ ਕਲਪਨਾ ਕਰਦੇ ਅਤੇ ਮਨ ਵਿਚ ਮਸੀਹ ਦੇ ਦੁੱਖ ਝਲਣ ਦੀ ਤਸਵੀਰ ਬਣਾਉਂਦੇ ਹਾਂ। ਕੁਝ ਲੋਕ ਸਲੀਬ ਦੀ ਅਹਿਮੀਅਤ ਤੇ ਧਿਆਨ ਲਾਉਂਦੇ ਹਨ ਕਿ ਇਸ ਦਾ ਉਨ੍ਹਾਂ ਲਈ ਕੀ ਅਰਥ ਹੈ[17] ਅਤੇ ਜਿਨ੍ਹਾਂ ਨਾਲ ਉਹ ਪਿਆਰ ਕਰਦੇ ਹਨ ਉਨ੍ਹਾਂ ਲਈ ਕੀ ਹੈ। ਕੁਝ ਲੋਕ ਮਸੀਹ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਤੇ ਬਾਈਬਲ ਦੀਆਂ ਆਇਤਾਂ ਪੜ੍ਹਦੇ ਹਨ। ਕੁਝ ਉਸ ਸਭ ਨੂੰ ਯਾਦ ਦੁਆਉਣ ਵਾਲੇ ਭਜਨ ਗਾਉਂਦੇ ਹਨ ਜੋ ਮਸੀਹ ਨੇ ਸਾਡੇ ਲਈ ਕੀਤੇ। ਕਿਤੇ ਵੀ ਦੋ ਜਣੇ ਇਕ ਵਿਚਾਰ ਵਾਲੇ ਨਹੀਂ ਮਿਲਣਗੇ, ਕਿਉਂਕਿ ਸਭ ਵਿਚ ਕਿਤੇ ਨਾ ਕਿਤੇ ਥੋੜ੍ਹਾ ਬਹੁਤ ਫ਼ਰਕ ਜ਼ਰੂਰ ਹੈ।[18] ਭੋਜਨ ਲੈਣ ਵੇਲੇ ਆਪਣੇ ਮਨਾਂ ਨੂੰ ਧਿਆਨ ਲਾਉਣ ਲਈ ਅਸੀਂ ਜੋ ਵੀ ਤਰੀਕਾ ਅਪਣਾਈਏ, ਸਾਨੂੰ ਉਸ ਸਮੇਂ ਨੂੰ ਆਪਣੇ ਵਿਚਾਰਾਂ ਨੂੰ ਪ੍ਰਭੂ ਦੀ ਕੁਰਬਾਨੀ ਤੇ ਧਿਆਨ ਲਾਉਣ ਲਈ ਵਰਤਣਾ ਚਾਹੀਦਾ ਹੈ।

**ਪ੍ਰਭੂ ਭੋਜ।**
**ਇਛਾ ਅਨੁਸਾਰ: ਚੰਦੇ ਤੇ ਸੰਖੇਪ ਟਿੱਪਣੀਆਂ।**
**ਚੰਦਾ।**
**ਆਖ਼ਰੀ ਟਿੱਪਣੀਆਂ ਅਤੇ ਸੱਦਾ:**

ਪ੍ਰਭੂ ਦੇ ਹਰ ਦਿਨ ਪ੍ਰਭੂ ਭੋਜ ਵਿਚ ਭਾਗ ਲੈਣਾ ਬੇਹੱਦ ਲਾਜ਼ਮੀ ਹੈ। ਜਦ ਅਸੀਂ ਭੋਜ ਦੀ ਸਾਂਝ ਨੂੰ ਛੱਡ ਦੇਣਾ ਚਾਹੁੰਦੇ ਹਾਂ ਤਾਂ ...

- ਅਸੀਂ ਮਸੀਹ ਦੇ ਹੁਕਮ ਦੀ ਅਣਗਹਿਲੀ ਕਰਦੇ ਹਾਂ। ਯਿਸੂ ਨੇ ਆਖਿਆ, ''ਜੇ ਤੁਸੀਂ ਮੈਨੂੰ ਪਿਆਰ ਕਰਦੇ ਹੋ ਤਾਂ ਮੇਰੇ ਹੁਕਮਾਂ ਦੀ ਪਾਲਣਾ ਕਰੋਗੇ'' (ਯੂਹੰਨਾ 14:15; ਵੇਖੋ ਯੂਹੰਨਾ 15:14)।
- ਅਸੀਂ ਪ੍ਰਭੂ ਨੂੰ ਯਾਦ ਕਰਨ ਦਾ ਮੌਕਾ ਗੁਆ ਦਿੰਦੇ ਹਾਂ। ਉਸ ਨੇ ਆਖਿਆ, ''... ਮੇਰੀ ਯਾਦਗੀਰੀ ਲਈ ਇਹੀ ਕਰਿਆ ਕਰੋ'' (1 ਕੁਰਿੰਥੀਆਂ 11:24)।
- ਅਸੀਂ ਉਸ ਦੀ ਮੌਤ ਦਾ ਪ੍ਰਚਾਰ ਕਰਨ ਦੇ ਮੌਕੇ ਦੀ ਅਣਗਹਿਲੀ ਕਰਦੇ ਹਾਂ। ਯਿਸੂ ਨੇ ਕਿਹਾ ਕਿ ਅਸੀਂ ਜਦ ਵੀ ਇਸ ਰੋਟੀ ਵਿੱਚੋਂ ਖਾਂਦੇ ਅਤੇ ਪਿਆਲੇ ਵਿੱਚੋਂ ਪੀਂਦੇ ਹਾਂ ਤਾਂ ਅਸੀਂ ਉਸ ਦੀ ਮੌਤ ਦਾ ਪ੍ਰਚਾਰ ਕਦੇ ਹਾਂ (1 ਕੁਰਿੰਥੀਆਂ 11:26)।
- ਅਸੀਂ ਸੰਕੇਤ ਦਿੰਦੇ ਹਾਂ ਕਿ ਯਿਸੂ ਦਾ ਲਹੂ ਸਾਡੇ ਲਈ ਕੋਈ ਖ਼ਾਸ ਅਹਿਮੀਅਤ ਨਹੀਂ ਰੱਖਦਾ ਹੈ। ਅਸੀਂ ਆਪਣੇ ਆਪ ਨੂੰ ਉਸ ਬੰਦੇ ਨਾਲ ਮਿਲਾਉਂਦੇ ਹਾਂ ਜਿਸਨੇ ''ਨੇਮ ਦਾ ਲਹੂ ਜਿਹਦੇ ਨਾਲ ਉਹ ਪਵਿੱਤਰ ਕੀਤਾ ਗਿਆ ਸੀ ਐਵੇਂ ਕਿਵੇਂ ਜਾਣਿਆ'' (ਇਬਰਾਨੀਆਂ 10:29)।
- ਅਸੀਂ ਦੂਜਿਆਂ ਲਈ, ਖ਼ਾਸਕਰ ਵਿਸ਼ਵਾਸ ਵਿਚ ਨਵੇਂ ਲੋਕਾਂ ਲਈ ਗਲਤ ਨਮੂਨਾ ਦਿੰਦੇ ਹਾਂ। ਮਸੀਹ ਨੇ ਆਖਿਆ ਕਿ ਜੇ ਅਸੀਂ ਇਕ ਵਿਸ਼ਵਾਸੀ ਲਈ ਠੋਕਰ ਦਾ ਕਾਰਣ ਬਣਦੇ ਹਾਂ, ਤਾਂ ਚੰਗਾ ਹੁੰਦਾ ਕਿ ਚੱਕੀ ਦਾ ਵੱਡਾ ਪੁੜ ਸਾਡੇ ਗਲੇ ਵਿਚ ਟੰਗ ਕੇ ਸਾਨੂੰ ਡੂੰਘੇ ਸਮੁੰਦਰ ਵਿਚ ਸੁੱਟ ਦਿੱਤਾ ਜਾਵੇ (ਮੱਤੀ 18:6)।
- ਅਸੀਂ ਦੂਜਿਆਂ ਕੋਲ ਇਹ ਐਲਾਨ ਕਰ ਰਹੇ ਹੁੰਦੇ ਹਾਂ ਕਿ ਧਰਮ ਵਿਚ ਸਾਡਾ ਯਕੀਨ ਨਹੀਂ, ਬਲਕਿ ਸਾਡੀ ਸਹੂਲਤ ਵਿਚ ਹੈ। ਅਸੀਂ ਵਿਖਾ ਰਹੇ ਹੁੰਦੇ ਹਾਂ ਕਿ ਸਾਡੀਆਂ ਤਰਜੀਹਾਂ ਗਲਤ ਹਨ, ਭਾਵ ਜਿਨ੍ਹਾਂ ਗੱਲਾਂ ਨੂੰ ਪਹਿਲ ਦੇਣੀ ਚਾਹੀਦੀ ਸੀ, ਅਸੀਂ ਉਨ੍ਹਾਂ ਨੂੰ ਪਹਿਲ ਦੇਣਾ ਸਿੱਖਿਆ ਹੀ ਨਹੀਂ ਹੈ (ਮੱਤੀ 6:33)।

ਅਸੀਂ ਸੰਤਾਂ ਦੇ ਨਾਲ ਬੰਦਗੀ ਕਰਨ ਦੀ ਅਣਗਹਿਲੀ ਕਰਦੇ ਹਾਂ ਅਤੇ ਪ੍ਰਭੂ ਭੋਜ ਵਿਚ ਭਾਗ ਲੈਣ ਵਿਚ ਨਾਕਾਮ ਰਹਿੰਦੇ ਹਾਂ ਤਾਂ ਸਾਨੂੰ ਆਪਣੇ ਭਾਈਆਂ ਅਤੇ ਭੈਣਾਂ ਨਾਲ ਅਤੇ ਖ਼ੁਦਾ ਨਾਲ ਇਸ ਵਿਚ ਸੁਧਾਰ ਦੀ ਲੋੜ ਹੁੰਦੀ ਹੈ (ਇਬਰਾਨੀਆਂ 10:25, 26; ਯਾਕੂਬ 5:16)।

ਜੇ ਤੁਸੀਂ ਮਸੀਹੀ ਹੋ ਤਾਂ ਆਪਣੇ ਆਪ ਤੋਂ ਪੁੱਛੋ, ''ਕੀ ਮੈਂ ਪ੍ਰਭੂ ਭੋਜ ਵਿਚ ਭਾਗ ਲੈਣ ਵਿਚ ਬੇਨੇਮੀ ਕੀਤੀ ਹੈ?'' ਜੇ ਹਾਂ ਤਾਂ ਆਪਣੀ ਗਲਤੀ ਮੰਨੋ, ਹੋਰਨਾਂ ਮਸੀਹੀ ਲੋਕਾਂ ਨੂੰ ਆਪਣੇ ਲਈ ਦੁਆ ਕਰਨ ਲਈ ਕਹੋ ਅਤੇ ਖ਼ੁਦਾ ਅੱਗੇ ਮਾਫ਼ੀ ਦੀ ਬੇਨਤੀ ਕਰੋ (ਰਸੂਲਾਂ ਦੇ ਕੰਮ 8:22; 1 ਯੂਹੰਨਾ 1:9)। ਜੇ ਤੁਸੀਂ ਮਸੀਹੀ ਨਹੀਂ ਹੋ, ਤਾਂ ਤੁਹਾਨੂੰ ਉਸ ਸਭ ਦੀ, ਜੋ ਮਸੀਹ ਤੁਹਾਨੂੰ ਦੇ ਸਕਦਾ ਹੈ ਲੋੜ ਹੈ, ਜਿਸ ਵਿਚ ਉਸ ਦੇ ਨਾਲ ਹਫ਼ਤਾਵਾਰ ਭੋਜ ਵਿਚ ਮਿਲਣ ਵਾਲੀ ਸ਼ਕਤੀ ਵੀ ਹੈ। ਮੈਂ ਤੁਹਾਨੂੰ ਉਸ ਵਿਚ ਵਿਸ਼ਵਾਸ ਕਰਕੇ ਅਤੇ ਆਪਣੀ ਜ਼ਿੰਦਗੀ ਨੂੰ ਬਦਲਣ ਲਈ ਤਿਆਰ ਹੋ ਕੇ ਬਪਤਿਸਮਾ (ਡੁਬਕੀ) ਲੈਣ ਦੀ ਬੇਨਤੀ ਕਰਦਾ ਹਾਂ (ਗਲਾਤੀਆਂ 3:26, 27; ਮਰਕੁਸ 16:15, 16; ਰਸੂਲਾਂ ਦੇ ਕੰਮ 2:38)। ਜੇ ਤੁਸੀਂ

*ਕਿਸੇ ਤਰ੍ਹਾਂ* ਪ੍ਰਭੂ ਦੀ ਗੱਲ ਨੂੰ ਮੰਨਣਾ ਚਾਹੁੰਦੇ ਹੋ ਤਾਂ ਉਸ ਨੂੰ ਮੰਨਣ ਦਾ ਸਮਾਂ *ਹੁਣੇ* ਹੈ।

**ਸੱਦੇ ਦਾ ਗੀਤ।**
**ਆਖ਼ਰੀ ਗੀਤ।**
**ਆਖ਼ਰੀ ਦੁਆ।**

## ਨੋਟਸ

ਗੀਤਾਂ, ਦੁਆਵਾਂ, ਅਤੇ ਬਾਈਬਲ ਪਾਠ ਅਤੇ ਟਿੱਪਣੀਆਂ ਦੀ ਤਰਤੀਬ ਸਿਰਫ਼ ਇਕ ਸੁਝਾਅ ਹੈ। ਜਿੱਥੇ ਤੁਸੀਂ ਬੰਦਗੀ ਕਰਦੇ ਹੋ ਉਸ ਦੇ ਮੁਤਾਬਿਕ ਇਨ੍ਹਾਂ ਨੂੰ ਬਦਲ ਲਵੋ। ਬੰਦਗੀ ਦੌਰਾਨ ਪਾਏ ਜਾਣ ਵਾਲੇ ਗੀਤ ਸਲੀਬ ਤਾਂ ਪ੍ਰਭੂ ਭੋਜ ਤੇ ਕੇਂਦਰਿਤ ਹੋਣ। ਦੁਆਵਾਂ ਵਿਚ ਅਗਵਾਈ ਕਰਨ ਵਾਲੇ ਆਦਮੀ ਮੇਜ਼ ਦੀ ਸੇਵਾ ਤੋਂ ਪਹਿਲਾਂ ਰੋਟੀ ਅਤੇ ਦਾਖ ਰਸ ਬਾਰੇ ਆਪਣੀ ਵਿਆਖਿਆ ਬੋਲ ਸਕਦੇ ਹਨ।

---

ਟਿੱਪਣੀਆਂ

[1]ਹਫ਼ਤਾਵਾਰ ਬੁਲੇਟਿਨ ''ਆਈ ਵਾਜ਼ ਦੇਅਰ,'' ਟੈਂਥ ਐਂਡ ਫ਼੍ਰਾਸਿਸ ਚਰਚ ਆਫ਼ ਕ੍ਰਾਈਸਟ, ਓਕਲਾਹੋਮਾ ਸਿਟੀ, ਲਗਭਗ 1956–60 ਤੋ ਲਿਆ ਗਿਆ। [2]ਇਸ ਸਰਮਨ ਦਾ ਇਕ ਸਰੋਤ ਜੌਰਜ ਡਬਲਯੂ. ਡਿਹੌਫ਼, *ਗੋਸਪਲ ਸਰਮਨ* (ਮਰਫ਼ਰੀਸਫ਼ੋਰੋ, ਟੈਨਿਸੀ: ਡਿਹੌਫ਼ ਪਬਲਿਕੇਸ਼ੰਜ਼, 1953), 168–82 ਹੈ। [3]ਮੈਂ ਆਪਣੇ ਸੁਣਨ ਵਾਲਿਆਂ ਵਿਚ ਜਾਣੀਆਂ ਪਛਾਣੀਆਂ ਕਈ ਯਾਦਗਾਰਾਂ ਦੱਸੀਆਂ ਹਨ। ਜਿੱਥੇ ਤੁਸੀਂ ਰਹਿੰਦੇ ਹੋ ਉੱਥੇ ਅਜਿਹੀਆਂ ਯਾਦਗਾਰਾਂ ਦੀ ਵਰਤੋਂ ਕਰੋ ਜਿਨ੍ਹਾਂ ਤੋਂ ਲੋਕ ਵਾਕਫ਼ ਹਨ। [4]ਅਮਰੀਕਾ ਵਿਚ ਅਸੀਂ ਪਤਲੇ, ਚੌਰਸ ਨਮਕੀਨ ਬਿਸਕੁਟਾਂ ਦੇ ਡੱਬੇ ਖ਼ਰੀਦ ਸਕਦੇ ਹਾਂ, ਜਿਨ੍ਹਾਂ ਵਿਚ ਖ਼ਮੀਰ ਹੁੰਦਾ ਹੈ। ਇਸ ਅਤੇ ਅਗਲੀ ਚੀਜ਼ (''ਫ਼੍ਰੈਂਚ ਲੋਵਜ਼'') ਦੀ ਥਾਂ ਅਜਿਹੀਆਂ ਚੀਜ਼ਾਂ ਦੀ ਵਰਤੋਂ ਕਰੋ ਜੋ ਤੁਹਾਡੇ ਇਲਾਕੇ ਵਿਚ ਪਾਈਆਂ ਜਾਂਦੀਆਂ ਹਨ। [5]''ਫ਼੍ਰੈਂਚ ਲੋਵਜ਼'' ਸਾਡੇ ਇੱਥੇ ਲੰਮੀ, ਪਤਲੀ ਬ੍ਰੈਡ ਨੂੰ ਆਖਿਆ ਜਾਂਦਾ ਹੈ। [6]ਖ਼ਮੀਰ ਟਾਟਰੀ ਦੀ ਝੱਗ ਵਰਗੀ ਇਕ ਸਮੱਗਰੀ ਹੈ, ਜਿਸ ਨਾਲ ਗਾੜ੍ਹਾ ਘੋਲ ਜਾਂ ਗੁੰਨ੍ਹਿਆ ਹੋਇਆ ਆਟਾ ਫੁੱਲ ਜਾਂਦਾ ਹੈ, ਖ਼ਾਸਕਰ ਖ਼ਮੀਰਾ ਕਰਨ ਤੇ। [7]ਤੁਸੀਂ ਚਾਹੋ ਤਾਂ ਘਰ ਵਿਚ ਵਰਤੀ ਜਾਣ ਵਾਲੀ ਅਖ਼ਮੀਰੀ ਭਾਵ ਤਾਜ਼ਾ ਰੋਟੀ ਦੀ ਉਦਾਹਰਣ ਦੇ ਸਕਦੇ ਹੋ। ਭਾਰਤ ਵਿਚ ਲੋਕ ਆਪੇ ਰੋਟੀ ਬਣਾ ਲੈਂਦੇ ਹਨ–ਅਨੁਵਾਦਕ। ਅਮਰੀਕਾ ਵਿਚ ਬਹੁਤ ਸਾਰੀਆਂ ਮੰਡਲੀਆਂ ਪਸਾਹ ਦੇ ਭੋਜ ਲਈ ਯਹੂਦੀਆਂ ਲਈ ਪੈਕ ਕੀਤੀ ਅਖ਼ਮੀਰੀ ਬਿਸਕੁਟ ਜਾਂ ਪਤਲੀ ਰੋਟੀ ਵਾਲੇ ਡੱਬਿਆਂ ਦੀ ਵਰਤੋਂ ਕਰਦੀਆਂ ਹਨ। [8]ਜੋ ਲੋਕ ਉੱਥੇ ਰਹਿੰਦੇ ਹਨ ਜਿੱਥੇ ਅੰਗੂਰ ਦਾ ਰਸ ਜਾਂ ਤਾਜ਼ਾ ਅੰਗੂਰ ਨਹੀਂ ਖ਼ਰੀਦੇ ਜਾ ਸਕਦੇ ਉਹ ਆਮ ਤੌਰ ਤੇ ਸੁੱਕੇ ਅੰਗੂਰ (ਮੁਨੱਕੇ) ਖ਼ਰੀਦ ਕੇ ਉਨ੍ਹਾਂ ਨੂੰ ਉਬਾਲ ਕੇ ਰਸ ਕੱਢ ਲੈਂਦੇ ਹਨ। ਕਹਿਣ ਦਾ ਮਤਲਬ ਇਹ ਨਹੀਂ ਹੈ ਕਿ ਅੰਗੂਰ ਸਿਰਫ਼ ਲਾਲ ਰੰਗ ਦਾ ਹੀ ਵਰਤਿਆ ਜਾ ਸਕਦਾ ਹੈ। ਕਿਸੇ ਵੀ ਰੰਗ ਦੇ ਅੰਗੂਰ ਦਾ ਰਸ ਸਹੀ ਹੋਵੇਗਾ, ਪਰ ਜਿਆਦਾਤਰ ਲੋਕ ਲਾਲਗੀ ਵਾਲੇ ਰਸ ਨੂੰ ਤਰਜੀਹ ਦਿੰਦੇ ਹਨ। [9]ਅਮਰੀਕਾ ਵਿਚ ਮਿਲੇ ਜੁਲੇ ਅੰਗੂਰਾਂ ਨਾਲ ਬਣਿਆ ਵੈਲਚ ਦਾ ਗ੍ਰੇਪ ਜੂਸ ਸਭ ਤੋਂ ਮਸ਼ਹੂਰ ਹੈ। [10]ਇਸ ਰੂਪਕ ਦੀਆਂ ਕਈ ਉਦਾਹਰਣਾ ਨਵੇਂ ਨੇਮ ਵਿਚ ਮਿਲ ਸਕਦੀਆਂ ਹਨ (ਵੇਖੋ ਲੂਕਾ 8:11; 1 ਕੁਰਿੰਥੀਆਂ 10:4)।

[11]ਯੂਨਾਨੀ ਸ਼ਬਦ ਦੇ ਅਨੁਵਾਦ ''ਸਾਂਝ'' ਤੋਂ ਭਾਵ ''ਸਾਂਝਾ ਹੋਣਾ'' ਹੈ। NASB ਵਿਚ ਇਸੇ ਕਰਕੇ 1 ਕੁਰਿੰਥੀਆਂ 10:16 ਦਾ ਅਨੁਵਾਦ ''ਸਾਂਝਾ'' ਦੇ ਰੂਪ ਵਿਚ ਕੀਤਾ ਗਿਆ ਹੈ। [12]KJV ਵਿਚ ਸਿਰਫ਼ ''ਹਫ਼ਤੇ ਦਾ ਪਹਿਲਾਂ ਦਿਨ'' ਹੈ; ਪਰ ਹਰ ਹਫ਼ਤੇ ਪਹਿਲਾ ਦਿਨ ਹੁੰਦਾ ਹੈ ਇਸ ਕਰਕੇ ਹਦਾਇਤ *ਹਰ* ਪਹਿਲੇ ਦਿਨ ਦੀ ਹੈ। ਪੁਰਾਣੇ ਨੇਮ ਵਿਚ ਇਸ ਨਾਲ ਮਿਲਦੇ ਜੁਲਦੇ ਸ਼ਬਦ ਲਈ, ਵੇਖੋ ਕੂਚ 20:8 ''ਸਬਤ ਦੇ ਦਿਨ ਨੂੰ ਚੇਤੇ ਰੱਖ'' ਦਾ ਮਤਲਬ ਸੀ ਕਿ ਹਫ਼ਦੇ ਦਾ *ਹਰ* ਸਤਵਾਂ ਦਿਨ ਪਵਿੱਤਰ ਮੰਨਿਆ ਜਾਵੇ। [13]ਇਨ੍ਹਾਂ ਲੇਖਕਾਂ

ਵਿਚ ਜਸਟਿਨ ਮਾਰਟੀਰ ਵੀ ਸੀ (*ਅਪੋਲੋਜੀ* 1.67)। [14]ਜੌਨ ਲਾਰੈਂਸ ਮੌਸ਼ੇਮ, *ਐਨ ਇਕਲੇਸਿਏਸਟਿਕਲ ਹਿਸਟਰੀ, ਏਂਸੀਏਂਟ ਐਂਡ ਮਾਡਰਨ,* ਅਨੁ. ਆਰਕੀਬਲਡ ਮੈਕਲੇਨ, ਜਿਲਦ 1 (ਨਿਊ ਯਾਰਕ: ਹਾਰਪਰ ਐਂਡ ਬ੍ਰਦਰਜ਼, 1871), 303. [15]ਸੰਦਰਭ ਵਿਚ, ਇਹ ਆਇਤ ''ਕੌਣ'' ਦੀ ਥਾਂ ''ਕਿਵੇਂ'' ਦੀ ਗੱਲ ਕਰਦੀ ਹੈ, ਪਰ ਹੋਰ ਵੀ ਪ੍ਰਾਸੰਗਿਕਤਾ ਬਣਾਈ ਜਾ ਸਕਦੀ ਹੈ। [16]''ਭੂਤਾਂ ਦਾ ਪਿਆਲਾ'' ਅਤੇ ''ਭੂਤਾਂ ਦੀ ਮੇਜ਼'' ਮੂਰਤੀਆਂ ਨੂੰ ਚੜ੍ਹਾਏ ਗਏ ਖਾਣੇ ਨੂੰ ਕਿਹਾ ਗਿਆ ਹੈ। [17]ਮੇਰੇ ਲਈ ਪ੍ਰਭੂ ਭੋਜ ਨੂੰ ਪਰਿਪੇਖ ਵਿਚ ਰੱਖਣਾ ਹੈ। ਮੈਂ ਛੋਟੀਆਂ ਛੋਟੀਆਂ ਗੱਲਾਂ ਨਾਲ ਤਨਾਅ ਵਿਚ ਆ ਜਾਂਦਾ ਹਾਂ, ਪਰ ਭੋਜ ਦੀ ਸੇਵਾ ਮੈਨੂੰ ਯਾਦ ਦੁਆਉਂਦੀ ਹੈ ਕਿ ਅਸਲ ਵਿਚ ਜ਼ਰੂਰੀ ਕੀ ਹੈ। [18]ਕੁਝ ਲੋਕ ਸੁਝਾਅ ਦਿੰਦੇ ਹਨ ਕਿ ਭੋਜ ਲੈਣ ਵੇਲੇ ਅਸੀਂ ਸਲੀਬ ਦੇ ਗੀਤ ਗਾਈਏ ਜਾਂ ਉਸ ਨਾਲ ਮਿਲਦਾ ਜੁਲਦਾ ਵਚਨ ਪੜ੍ਹੀਏ। ਕੁਝ ਕੰਮ ਵਚਨ ਦੇ ਅਨੁਸਾਰ ਉਸ ਵਿਚ ਭਾਗ ਲੈਣ ਤੇ ਧਿਆਨ ਲਾਉਣ ਵਿਚ ਮਦਦਗਾਰ ਹੋ ਸਕਦੇ ਹਨ, ਪਰ ਕਈਆਂ ਨਾਲ ਧਿਆਨ ਭੰਗ ਹੋ ਸਕਦਾ ਹੈ। ਪ੍ਰਭੂ ਭੋਜ ਵਿਚ ਭਾਗ ਲੈਣਾ ਅਜਿਹਾ ਨਿੱਜੀ ਮਾਮਲਾ ਹੈ ਕਿ ਇਸ ਨੂੰ ਪ੍ਰਭੂ ਨਾਲ ਨਿੱਜੀ ਸਾਂਝ ਹੀ ਕਿਹਾ ਜਾ ਸਕਦਾ ਹੈ, ਜਿਸ ਨੂੰ ਕਿਸੇ ਹੋਰ ਨੂੰ ਦੱਸਣ ਦੀ ਲੋੜ ਨਹੀਂ ਹੋਣੀ ਚਾਹੀਦੀ ਕਿ ਉਹ ਸਾਂਝ ਕਿਵੇਂ ਹੋਵੇ। ਸਾਂਝ ਵਿਚ ਖਾਮੋਸ਼ੀ ਨਾਲ ਭਾਗ ਲੈਣਾ ਸਭ ਤੋਂ ਵਧੀਆ ਹੈ, ਜਿਸ ਵਿਚ ਕਿਸੇ ਨੂੰ ਪ੍ਰਭੂ ਨਾਲ ਸਾਂਝ ਕਰਨ ਵਿਚ ਰੁਕਾਵਟ ਨਾ ਹੋਵੇ।

# ਯੂਹੰਨਾ 14-17 ਤੇ ਵਾਧੂ ਟਿੱਪਣੀਆਂ

**14:1:** ਇਸ ਆਇਤ ਵਿਚ ਯੂਨਾਨੀ ਸ਼ਬਦ ਦਾ ਅਨੁਵਾਦ ''ਨਿਹਚਾ'' ਨਿਸਚੈਵਾਚਕ ਮੂਡ ਜਾਂ ਆਗਿਆਵਾਚਕ ਦੋਵੇਂ ਹੋ ਸਕਦਾ ਹੈ। ਇਸ ਆਇਤ ਦਾ ਅਨੁਵਾਦ ''ਪਰਮੇਸ਼ੁਰ ਉੱਤੇ ਨਿਹਚਾ ਕਰੋ ਅਰ ਮੇਰੇ ਉੱਤੇ ਵੀ ਨਿਹਚਾ ਕਰੋ'' (ਨਿਸਚੈਵਾਚਕ) ਜਾਂ ''ਪਰਮੇਸ਼ੁਰ ਵਿਚ ਵਿਸ਼ਵਾਸ ਕਰੋ; ਮੇਰੇ ਵਿਚ ਵੀ ਵਿਸ਼ਵਾਸ ਕਰੋ'' (ਆਗਿਆਵਾਚਕ) ਹੋ ਸਕਦਾ ਹੈ।

**14:2:** ਯੂਨਾਨੀ ਸ਼ਬਦ ਦਾ ਅਨੁਵਾਦ ''ਨਿਵਾਸ,'' ''ਰਹਿਣ ਦੀਆਂ ਥਾਂਵਾਂ'' (NASB), ''ਭਵਨ'' (KJV) ਅਤੇ ''ਕਮਰੇ'' (NIV) ਦਾ ਸੰਕੇਤ ਦਿੰਦਾ ਹੈ। 14:23 ਵਿਚ ਇਸ ਸ਼ਬਦ ਦਾ ਅਨੁਵਾਦ ''ਵਾਸ'' ਹੋਇਆ ਹੈ (NASB, KJV)। ਇਸ ਸ਼ਬਦ ਵਿਚ ਸੁਰਗ ਦੇ ਟਿਕਾਉਪਣ ਤੇ ਜ਼ੋਰ ਦਿੱਤਾ ਗਿਆ ਹੈ (ਸੁਰਗ ਕੋਈ ਤੰਬੂ ਨਹੀਂ ਬਲਕਿ ਪੱਕਾ ਟਿਕਾਣਾ ਹੈ)। ਇਹ ਤੱਥ ਕਿ *ਬਹੁਤ ਸਾਰੇ* ਨਿਵਾਸ ਹਨ, ਪ੍ਰਭੂ ਦੇ ਕਾਫ਼ੀ ਉਪਾਅ ਦਾ ਭੇਦ ਹੈ।

**14:8:** ਫ਼ਿਲਿੱਪੁਸ ਦੇ ਦਿਮਾਗ ਵਿਚ ਕੂਚ 33:20 ਵਾਲੇ ਖ਼ੁਦਾ ਦੇ ਸ਼ਬਦ ਹੋ ਸਕਦੇ ਹਨ: ''ਤੂੰ ਮੇਰਾ ਮੂੰਹ ਨਹੀਂ ਵੇਖ ਸਕਦਾ ਕਿਉਂ ਜੋ ਕੋਈ ਆਦਮੀ ਮੈਨੂੰ ਵੇਖ ਕੇ ਜੀ ਨਹੀਂ ਸਕਦਾ!''

**14:9:** ਕਹਿੰਦੇ ਹਨ ਕਿ ਯਿਸੂ ''ਖ਼ੁਦਾ ਦਾ ਚੇਹਰਾ ਬਣਦਾ ਹੈ।'' ਮਸੀਹ ਬਾਰੇ ਜਾਣਦੇ ਹੋਏ ਸਾਨੂੰ ਖ਼ੁਦਾ ਦੇ ਸੁਭਾਅ ਬਾਰੇ ਬਹੁਤ ਕੁਝ ਪਤਾ ਲਗ ਜਾਂਦਾ ਹੈ।

**14:22:** ''ਯਹੂਦਾ (ਇਸਕਰਿਯੋਤੀ ਨਹੀਂ)'' ਨੂੰ ''ਯਾਕੂਬ ਦਾ ਪੁੱਤਰ ਯਹੂਦਾ'' ਅਤੇ ''ਥੱਦਈ'' ਵੀ ਕਿਹਾ ਜਾਂਦਾ ਸੀ। ਇਹ ਯਹੂਦਾ ਉਲਝਣ ਵਿਚ ਸੀ ਕਿਉਂਕਿ ਰਾਜ ਦੀ ਉਸ ਦੀ ਗਲਤ ਧਾਰਣਾ ਦੇ ਅਨੁਸਾਰ ਮਸੀਹਾ ਨੇ ਧਰਤੀ ਤੇ ਇਕ ਸਿਆਸੀ ਰਾਜ ਤੇ ਹਕੂਮਤ ਕਰਨੀ ਸੀ। ਜੇ ਅਜਿਹਾ ਸੀ ਤਾਂ ਯਿਸੂ ਆਪਣੇ ਆਪ ਨੂੰ ਦੁਨੀਆਂ ਤੇ ਜ਼ਾਹਿਰ ਕਿਉਂ ਨਹੀਂ ਕਰਨਾ ਚਾਹੁੰਦਾ ਸੀ?

**14:26; 16:13:** ਦੋਵੇਂ ਆਇਤਾਂ ਪੂਰੇ ਨਵੇਂ ਨੇਮ ਦੇ ਖ਼ੁਦਾ ਦੀ ਪ੍ਰੇਰਣਾ ਤੋਂ ਹੋਣ ਦਾ ਸੰਕੇਤ ਦਿੰਦੀਆਂ ਹਨ। ਆਤਮਾ ਨੇ ਰਸੂਲਾਂ ਨੂੰ ਉਹ ਗੱਲਾਂ ਯਾਦ ਦੁਆਉਣ ਲਈ ਆਉਣਾ ਸੀ ਜਿਹੜੀਆਂ ਯਿਸੂ ਨੇ ਉਨ੍ਹਾਂ ਨੂੰ ਸਿਖਾਈਆਂ ਸਨ (ਇੰਜੀਲ ਦੇ ਵਿਰਤਾਂਤ), ਆਤਮਾ ਨੇ ਰਸੂਲਾਂ ਨੂੰ ਸਭ ਗੱਲਾਂ, ਰਸੂਲਾਂ ਦੇ ਕੰਮ ਅਤੇ ਪੱਤਰੀਆਂ ਸਿਖਾਉਣੀਆਂ ਸਨ ਅਤੇ ਉਸ ਨੇ ਹੋਣ ਵਾਲੀਆਂ ਗੱਲਾਂ (ਪ੍ਰਕਾਸ਼ ਦੀ ਪੋਥੀ ਦੀ ਕਿਤਾਬ) ਵੀ ਦੱਸਣੀਆਂ ਸਨ।

**14:28:** ''... ਪਿਤਾ ਮੈਥੋਂ ਵੱਡਾ ਹੈ'' ਆਖ ਕੇ ਮਸੀਹ ਖ਼ੁਦਾ ਜਾਂ ਪਿਤਾ ਨਾਲ ਆਪਣੇ ਬਰਾਬਰੀ ਦਾ ਇਨਕਾਰ ਨਹੀਂ ਕਰ ਰਿਹਾ ਸੀ (ਵੇਖੋ ਯੂਹੰਨਾ 10:30)। ਬਲਕਿ ਉਹ ਧਰਤੀ ਤੇ ਆਪਣੀ ਸਥਿਤੀ ਦੀ ਗੱਲ ਕਰ ਰਿਹਾ ਸੀ। ਮਨੁੱਖ ਦਾ ਰੂਪ ਧਾਰਣ ਕਰਨ ਲਈ ਉਸ ਨੂੰ ਕੁਝ ਖ਼ਾਸ ਰੱਬੀ ਹੱਕਾਂ ਨੂੰ ਤਿਆਗਣਾ ਪਿਆ ਸੀ (ਫ਼ਿਲਿੱਪੀਆਂ 2:6–8)। ਪਿਤਾ ਕੋਲ ਉੱਪਰ ਉਠਾਏ ਜਾਣ ਤੇ, ਉਸ ਤੋਂ ਇਸ ਸੰਸਾਰ ਦੀਆਂ ਪਾਬੰਦੀਆਂ ਹਟਾ ਲਈਆਂ ਗਈਆਂ ਸਨ ਅਤੇ ਉਸ ਨੂੰ ਪਹਿਲਾਂ ਵਾਲਾ ਜਲਾਲ ਫੇਰ ਤੋਂ ਮਿਲ ਗਿਆ (ਯੂਹੰਨਾ 17:5; ਫ਼ਿਲਿੱਪੀਆਂ 2:9–11)।

**14:30; 16:11:** ''ਜਗਤ ਦਾ ਸਰਦਾਰ'' ਸ਼ੈਤਾਨ ਹੈ। ਸ਼ੈਤਾਨ ਨਾਲ ਮਸੀਹ ਦੀ ਫ਼ੈਸਲਾਕੁਨ ਜੰਗ ਸਲੀਬ ਤੇ ਹੋਈ ਸੀ (ਵੇਖੋ ਯੂਹੰਨਾ 12:31, 32; ਇਬਰਾਨੀਆਂ 2:14)। ਸ਼ੈਤਾਨ ਸਾਥੋਂ ਜੰਗ ਜਿੱਤ ਸਕਦਾ ਹੈ, ਕਿਉਂਕਿ ਸਾਡੇ ਤੇ ਉਹ ਪਾਪ ਕਰਨ ਦਾ ਇਲਜ਼ਾਮ ਲਾ ਸਕਦਾ ਹੈ ਪਰ ਯਿਸੂ ਵਿਚ ਕੋਈ ਪਾਪ ਨਹੀਂ ਸੀ (ਇਬਰਾਨੀਆਂ 4:15)। ਮਸੀਹ ਆਖ ਸਕਦਾ ਸੀ, ''ਮੇਰੇ ਵਿਚ ਉਸ *[ਸ਼ੈਤਾਨ]* ਦਾ ਕੁਝ ਵੀ ਨਹੀਂ ਹੈ।''[1] ਇਸ ਜਗਤ ਦੇ ਸਰਦਾਰ ਨੂੰ ''ਮਸੀਹ ਵਿਚ ਅਜਿਹਾ ਕੁਝ ਵੀ ਨਹੀਂ ਮਿਲਣਾ ਸੀ ਜੋ ਬਾਅਦ ਵਿਚ ਉਸ ਨੂੰ ਉਸ ਉੱਤੇ ਹੱਕ ਜਤਾਉਣ ਦਾ ਇਖਤਿਆਰ ਦਿੰਦਾ ਜਾਂ

ਕੋਈ ਕਾਰਣ ਬਣਾਉਂਦਾ।''[2]

**15:1:** ਯਿਸੂ ''ਸੱਚੀ ਅੰਗੂਰ ਦੀ ਬੇਲ'' ਸੀ, ਭਾਵ ''ਜਿਸ ਦੀ ਦੂਜੀਆਂ ਸਭ ਵੇਲਾਂ ਸਿਰਫ਼ ਨਕਲ ਹਨ।''[3] ਪੁਰਾਣੇ ਨੇਮ ਵਿਚ, ਅੰਗੂਰ ਦੀ ਵੇਲ ਇਸਰਾਏਲ ਦਾ ਪ੍ਰਤੀਕ ਸੀ (ਜ਼ਬੂਰ 80:8; ਯਸਾਯਾਹ 5:1–7; ਯਿਰਮਿਯਾਹ 2:20, 21; ਹਿਜ਼ਕੀਏਲ 15:1–8; 19:10–14; ਹੋਸ਼ੇਆ 10:1)।

**15:2:** ''ਛਾਂਗਣ'' ਦੀ ਖ਼ੁਦਾ ਦੀ ਪ੍ਰਕ੍ਰਿਆ ਆਪਣੇ ਬੱਚਿਆਂ ਨੂੰ ਪਿਆਰ ਨਾਲ ਅਨੁਸ਼ਾਸਨ ਵਿਚ ਰੱਖਣ ਦਾ ਇਕ ਹੋਰ ਤਰੀਕਾ ਹੈ (ਵੇਖੋ ਇਬਰਾਨੀਆਂ 12:4–13)।

**15:15:** ਆਮ ਤੌਰ ਤੇ ਦਾਸਾਂ ਨੂੰ ਕੋਈ ਸਵਾਲ ਪੁੱਛੇ ਜਾਣ ਦੀ ਇਜਾਜ਼ਤ ਦਿੱਤੇ ਬਗੈਰ ਕੰਮ ਦਿੱਤਾ ਜਾਂਦਾ ਸੀ। ਇਸ ਦੇ ਉਲਟ, ਦੋਸਤਾਂ ਨੂੰ ਕੁਝ ਕਰਾਉਣ ਲਈ ਉਨ੍ਹਾਂ ਤੋਂ ਪੁੱਛਿਆ ਜਾਂਦਾ ਹੈ ਕਿ ਉਹ ਇਹ ਕਰਨਗੇ ਜਾਂ ਨਹੀਂ ਅਤੇ ਉਨ੍ਹਾਂ ਨੂੰ ਸਮਝਾਇਆ ਜਾਂਦਾ ਹੈ ਕਿ ਇਹ ਕਿਉਂ ਕਰਨਾ ਜ਼ਰੂਰੀ ਹੈ। ਯਿਸੂ ਰਸੂਲਾਂ ਨੂੰ ਆਪਣੇ ਮਿੱਤਰ ਕਹਿ ਸਕਦਾ ਸੀ, ਕਿਉਂਕਿ ਉਸ ਨੇ ਉਨ੍ਹਾਂ ਨੂੰ ਖ਼ੁਦਾ ਦਾ ਮੁਕਾਸ਼ਫ਼ਾ ਦਿੱਤਾ ਸੀ।

**15:20:** ਇਹ ਯੂਹੰਨਾ 13:16 ਦੀ ਗੱਲ ਹੈ।

**15:22, 24:** ਯਿਸੂ ਇਹ ਨਹੀਂ ਕਹਿ ਰਿਹਾ ਸੀ ਕਿ ਜੇ ਉਹ ਨਾ ਆਉਂਦਾ ਤਾਂ ਯਹੂਦੀਆਂ ਨੇ ਬਿਨਾਂ ਪਾਪ ਦੇ ਹੋਣਾ। ਅਸੀਂ ਸਭ ਪਾਪ ਕਰਦੇ ਹਾਂ (ਰੋਮੀਆਂ 3:23), ਅਤੇ ਪਾਪ ਤੋਂ ਅਨਜਾਣ ਹੋਣਾ ਕੋਈ ਬਹਾਨਾ ਨਹੀਂ ਹੈ (ਰਸੂਲਾਂ ਦੇ ਕੰਮ 17:30)। ਮਸੀਹ ਆਖ ਰਿਹਾ ਸੀ ਕਿ ਉਹ *ਉਸ ਨੂੰ ਠੁਕਰਾਉਣ* ਦੇ ਖ਼ਾਸ ਪਾਪ ਦੇ ਦੋਸ਼ੀ ਨਾ ਹੁੰਦੇ ਜੇ ਉਸ ਨੇ ਉਨ੍ਹਾਂ ਵਿਚਕਾਰ ਪ੍ਰਚਾਰ ਕਰਕੇ ਮੋਅਜਜ਼ੇ ਨਾ ਕੀਤੇ ਹੋਣ। ਕਿਉਂਕਿ ਉਸ ਨੇ ਇਹ ਸਭ ਕੀਤਾ, ਇਸ ਕਰਕੇ ਉਨ੍ਹਾਂ ਕੋਲ ਕੋਈ ਬਹਾਨਾ ਨਹੀਂ ਸੀ।

**15:25:** ਇਹ ਹਵਾਲਾ ਜ਼ਬੂਰਾਂ ਦੀ ਪੋਥੀ 35:19; 69:4 ਤੋਂ ਲਿਆ ਗਿਆ ਹੈ।

**15:26, 27:** ਰਸੂਲਾਂ ਨੇ ਦੋਹਰੀ ਗਵਾਹੀ ਦੇਣੀ ਸੀ। ਉਨ੍ਹਾਂ ਨੇ ਜੋ ਕੁਝ ਆਪਣੀਆਂ ਅੱਖਾਂ ਨਾਲ ਵੇਖਿਆ ਸੀ, ਉਸ ਦੀ ਗਵਾਹੀ ਦੇਣੀ ਸੀ (ਆਇਤ 27; ਵੇਖੋ ਰਸੂਲਾਂ ਦੇ ਕੰਮ 1:22), ਅਤੇ ਉਨ੍ਹਾਂ ਨੇ ਪਵਿੱਤਰ ਆਤਮਾ ਦੀ ਗਵਾਹੀ ਸੁਣ ਕੇ ਲੋਕਾਂ ਨੂੰ ਦੱਸਣੀ ਸੀ (ਆਇਤ 26)।

**16:5, 6:** ਪਤਰਸ ਨੇ ਪੁੱਛਿਆ ਸੀ, ''ਪ੍ਰਭੂ ਜੀ, ਤੂੰ ਕਿੱਥੇ ਜਾਂਦਾ ਹੈਂ?'' (ਯੂਹੰਨਾ 13:36), ਅਤੇ ਥੋਮਾ ਉਸ ਦੇ ਜਾਣ ਦੀ ਥਾਂ ਤੇ ਹੈਰਾਨ ਹੋਇਆ (14:5)। ਇਸ ਕਰਕੇ ਜਦ ਯਿਸੂ ਨੇ ਕਿਹਾ ਕਿ ''ਤੁਹਾਡੇ ਵਿੱਚੋਂ ਕੋਈ ਮੈਥੋਂ ਨਹੀਂ ਪੁੱਛਦਾ ਕਿ ਭਈ ਤੂੰ ਕਿੱਥੇ ਜਾਂਦਾ ਹੈ?'' ਤਾਂ ਉਹ ਸਿਰਫ਼ ਇੱਕੋ ਹੀ ਸਵਾਲ ਦੀ ਗੱਲ ਨਹੀਂ ਕਰ ਰਿਹਾ ਸੀ। ਸ਼ਾਇਦ ਉਸ ਦੇ ਕਹਿਣ ਦਾ ਮਤਲਬ ਸੀ ਕਿ ਉਨ੍ਹਾਂ ਨੇ ਸ਼ਬਦ ਤਾਂ ਕਹੇ ਸਨ ਪਰ ਉਨ੍ਹਾਂ ਦੀ ਦਿਲਚਸਪੀ ਅਸਲ ਵਿਚ ''ਕਿੱਥੇ'' ਵਿਚ ਨਹੀਂ, ਬਲਕਿ ਇਸ ਗੱਲ ਵਿਚ ਸੀ ਕਿ ਉਹ ਕਿਉਂ ਜਾ ਰਿਹਾ ਸੀ। ਉਸ ਦੇ ਜਾਣ ਦੀ ਗੱਲ ਨਾਲ ਉਨ੍ਹਾਂ ਦੇ ਮਨ ਸੋਗ ਨਾਲ ਭਰ ਗਏ।

**16:20:** ਸੰਸਾਰ ਨੇ ਯਿਸੂ ਦੀ ਮੌਤ ਤੇ ਅਨੰਦ ਕੀਤਾ (ਵੇਖੋ ਲੂਕਾ 22:5), ਜਦਕਿ ਉਸ ਨੂੰ ਪਿਆਰ ਕਰਨ ਵਾਲੇ ਲੋਕ ਰੋਏ ਸਨ (ਯੂਹੰਨਾ 20:11)।

**16:21, 22:** ਬੱਚੇ ਦਾ ਜਨਮ ਤਕਲੀਫ਼ ਨਾਲ ਹੁੰਦਾ ਹੈ, ਪਰ ਬਾਅਦ ਵਿਚ ਜਣੇਪੇ ਦੀਆਂ ਪੀੜਾਂ ਅਨੰਦ ਵਿਚ ਬਦਲ ਜਾਂਦੀਆਂ ਹਨ। ਉਵੇਂ ਹੀ ਮਸੀਹ ਦੀ ਮੌਤ ਤੋਂ ਪਹਿਲਾਂ ਉਸ ਦੇ ਚੇਲੇ ਨਿਰਾਸ਼ ਹੋ ਗਏ ਸਨ, ਪਰ ਹੁਣ ਉਸ ਦੀ ਮੌਤ ਸੰਸਾਰ ਨੂੰ ਅਨੰਦ ਦਿੰਦੀ ਹੈ।

**16:23:** ਉਸ ਵਕਤ, ਰਸੂਲਾਂ ਦੇ ਮਨ ਵਿਚ ਕਈ ਸਵਾਲ ਉੱਠਦੇ ਸਨ (13:36; 14:5, 8); ਪਰ ਯਿਸੂ ਦੇ ਖ਼ੁਦਾ ਕੋਲ ਉੱਪਰ ਉਠਾ ਲਏ ਜਾਣ ਕਰਕੇ, ਉਨ੍ਹਾਂ ਨੂੰ ਉਸ ਤੋਂ ਸਵਾਲ ਪੁੱਛਣ ਦੀ ਲੋੜ ਨਹੀਂ ਹੋਣੀ ਸੀ। ਖ਼ੁਦਾ ਨੇ (ਪਵਿੱਤਰ ਆਤਮਾ ਦੇ ਰਾਹੀਂ) ਉਨ੍ਹਾਂ ਨੂੰ ਉਹ ਸਭ ਦੱਸ ਦੇਣਾ ਸੀ, ਜਿਸ ਦੀ ਉਨ੍ਹਾਂ ਨੂੰ ਲੋੜ ਸੀ।

**16:26, 27:** ਯਿਸੂ ਇਹ ਨਹੀਂ ਕਹਿ ਰਿਹਾ ਸੀ ਕਿ ਉਹ ਉਨ੍ਹਾਂ ਦੀ ਤਰਫ਼ੋਂ ਪਿਤਾ ਦੇ ਕੋਲ ਕੋਈ ਬੇਨਤੀ *ਨਹੀਂ* ਕਰੇਗਾ। ਜਿਵੇਂ ਕਿ ਪਾਠ ਵਿਚ ਵੇਖਿਆ ਗਿਆ ਸੀ, ਉਹ ਸਾਡੇ ਲਈ ਸਿਫ਼ਾਰਿਸ਼ ਕਰਦਾ ਹੈ। ਬਲਕਿ ਉਹ ਇਹ ਜ਼ੋਰ ਦੇ ਰਿਹਾ ਸੀ ਕਿ ਉਹਦੇ ਲਈ ਪਿਤਾ ਨੂੰ ਉਨ੍ਹਾਂ ਦੀ ਮਦਦ ਲਈ *ਮਨਾਉਣ* ਦੀ ਲੋੜ ਨਹੀਂ ਹੋਵੇਗੀ, ਕਿਉਂਕਿ ਪਿਤਾ ਨੇ ਉਨ੍ਹਾਂ ਨਾਲ ਪਿਆਰ ਕੀਤਾ ਹੈ। ਪਿਆਰ ਨਾ ਰੱਖਣ ਵਾਲੇ ਖ਼ੁਦਾ ਦੀ ਗੱਲਤ ਧਾਰਨਾ ਨਾਲ ''ਬੇਨਤੀ ਕਰਨ ਵਾਲੇ'' (ਜਿਵੇਂ ਮਰੀਅਮ ਅਤੇ ਕੁਝ ''ਸੰਤਾਂ'' ਦੇ ਨਾਂਅ ਦੱਸੇ ਜਾਂਦੇ ਹਨ) ਮਨੁੱਖਾਂ ਦੇ ਬਣਾਏ ਹੋਏ ਕਈ ਨਿਯਮ ਬਣ ਗਏ, ਜੋ ਮਨੁੱਖਾਂ ਦੀ ਸਿੱਖਿਆ ਅਨੁਸਾਰ ਖ਼ੁਦਾ ਨੂੰ ਆਪਣੇ ਬੱਚਿਆਂ ਦੀ ਮਦਦ ਲਈ *ਮਜਬੂਰ* ਕਰਦੇ ਹਨ। ਕਿੰਨੀ ਭਿਆਨਕ ਸਿੱਖਿਆ ਹੈ!

**16:32:** ਇਕੱਲਾਪਣ: ਪਰ ਇਕ ਮਸੀਹੀ ਅਸਲ ਵਿਚ ਕਦੇ ਇਕੱਲਾ ਨਹੀਂ ਹੁੰਦਾ, ਕਿਉਂਕਿ ਉਸ ਦਾ ਪਿਤਾ ਹਮੇਸ਼ਾ ਉਸ ਦੇ ਨਾਲ ਹੁੰਦਾ ਹੈ (2 ਤਿਮੋਥਿਉਸ 4:16–18 ਨਾਲ ਤੁਲਨਾ ਕਰੋ)।

**17:2:** ਖ਼ੁਦਾ ਨੇ ਯਿਸੂ ਨੂੰ ਸੁਰਗ ਅਤੇ ਧਰਤੀ ਤੇ ਸਾਰਾ ਇਖ਼ਤਿਆਰ ਦਿੱਤਾ ਹੈ (ਮੱਤੀ 28:18)।

**17:3:** ਹਮੇਸ਼ਾ ਦੀ ਜ਼ਿੰਦਗੀ ਖ਼ੁਦਾ ਅਤੇ ਯਿਸੂ ਦੇ ਨਾਲ ਹਮੇਸ਼ਾ ਤਕ ਹੋਣਾ ਕਿਹਾ ਜਾ ਸਕਦਾ ਹੈ, ਜਦਕਿ ਹਮੇਸ਼ਾ ਦੀ ਮੌਤ ਹਮੇਸ਼ਾ ਲਈ ਖ਼ੁਦਾ ਅਤੇ ਮਸੀਹ ਤੋਂ ਅੱਡ ਹੋਣ ਹੈ (ਵੇਖੋ 2 ਥੱਸਲੁਨੀਕੀਆਂ 1:9)। ਇਕ ਅਰਥ ਵਿਚ ਅਸੀਂ ਸਭ ਵੀ ਹਮੇਸ਼ਾ ਦੀ ਜ਼ਿੰਦਗੀ ਪਾ ਸਕਦੇ ਹਾਂ, ਕਿਉਂਕਿ ਅਸੀਂ ਖ਼ੁਦਾ ਅਤੇ ਯਿਸੂ ਨਾਲ ਨਜ਼ਦੀਕੀ ਰਿਸ਼ਤੇ ''ਨੂੰ ਜਾਣ ਸਕਦੇ'' ਹਾਂ। (ਪਰ ਹੁਣ ਸਾਡੇ ਲਈ ਇਸ ਧਰਤੀ ਤੇ ਰਹਿੰਦੀਆਂ ਉਸ ਰਿਸ਼ਤੇ ਦਾ ਟੁੱਟ ਜਾਣਾ ਸੰਭਵ ਹੈ, ਜਿਸ ਨਾਲ ਉਹ ਬਰਕਤ ਸਾਥੋਂ ਖੁੱਸ ਜਾਵੇ [ਵੇਖੋ ਯੂਹੰਨਾ 15:6]।)

**17:11, 14, 16:** ਰਸੂਲਾਂ ਵਾਂਗ ਅਸੀਂ ''ਜਗਤ ਵਿਚ'' ਤਾਂ ਹਾਂ (ਆਇਤ 11) ਪਰ ''ਸੰਸਾਰ ਦੇ'' ਨਹੀਂ ਹਾਂ (ਆਇਤਾਂ 14, 16)।

**17:12:** ਇਹ ਦਾਅਵਾ ਕਿ ''ਨਾਸ ਦੇ ਪੁੱਤਰ ਬਾਝੋਂ ਉਨ੍ਹਾਂ ਦਾ ਕਿਸੇ ਦਾ ਨਾਸ ਨਾ ਹੋਇਆ'' ਇਕ ਨਬੂਵਤ ਸੀ ਕਿ ਜ਼ਿਆਦਾਤਰ ਰਸੂਲਾਂ ਨੇ ਨਹੀਂ ਮਰਨਾ ਸੀ (ਵੇਖੋ ਯੂਹੰਨਾ 18:8, 9)। ''ਨਾਸ ਦਾ ਪੁੱਤਰ'' ਯਹੂਦਾ ਹੀ ਸੀ। ਅਨੁਵਾਦ ਹੋਇਆ ਸ਼ਬਦ ''ਨਾਸ'' ਇਕ ਮਿਸ਼ਰਿਤ ਯੂਨਾਨੀ ਸ਼ਬਦ ਹੈ, ਜਿਸ ਵਿਚ ''ਤਬਾਹੀ'' ਦਾ ਵਿਚਾਰ ਹੈ। ਯੂਹੰਨਾ ਦਾ ਅੰਤ ਮਸੀਹ ਨੂੰ ਫੜਵਾਉਣ ਤੇ ਆਪਣੇ ਪਾਪ ਤੋਂ ਤੌਬਾ ਨਾ ਕਰਨ ਕਰਕੇ ਹਮੇਸ਼ਾ ਦਾ ਨਾਸ (ਭਾਵ ਨਰਕ) ਸੀ।

**17:17, 19:** ''ਪਵਿੱਤਰ ਕਰ'' ਤੋਂ ਭਾਵ ਹੈ ''ਅੱਡ ਕਰ।'' ਸਾਨੂੰ ਵਚਨ ਦੀ ਗੱਲ ਮੰਨਣ ਅਤੇ ਮਸੀਹੀ ਬਣਨ ਤੇ ਵਚਨ ਦੇ ਰਾਹੀਂ ਖ਼ੁਦਾ ਦੀ ਸੇਵਾ ਲਈ ''ਅੱਡ'' ਕੀਤਾ ਗਿਆ ਹੈ (ਵੇਖੋ 1 ਕੁਰਿੰਥੀਆਂ 6:11)।

**17:18:** ਖ਼ੁਦਾ ਨੇ ਆਪਣੇ ਪੁੱਤਰ ਨੂੰ ਸੰਸਾਰ ਵਿਚ ਭੇਜਿਆ (ਵੇਖੋ 17:3, 8, 21, 23, 25), ਅਤੇ ਮਸੀਹ ਰਸੂਲਾਂ ਨੂੰ ਭੇਜ ਰਿਹਾ ਸੀ। ''ਰਸੂਲ'' ਸ਼ਬਦ ਤੋਂ ਭਾਵ ਹੈ ''ਭੇਜਿਆ ਹੋਇਆ।''

---

ਟਿੱਪਣੀਆਂ

[1]ਜਿੱਥੇ ਮੈਂ ਰਹਿੰਦਾ ਹਾਂ ਉੱਥੇ ਅਸੀਂ ਕਹਾਂਗੇ ਕਿ ''ਉਸ ਦਾ ਮੇਰੇ ਤੇ ਕੁਝ ਨਹੀਂ ਹੈ।'' NIV ਵਿਚ ਕਿਹਾ ਗਿਆ ਹੈ ''ਉਸ ਦਾ ਮੇਰੇ ਤੇ ਕੋਈ ਕਰਜ਼ਾ ਨਹੀਂ ਹੈ।'' [2]ਜੇ. ਡਬਲਯੂ. ਮੈਕਗਰਵੇ ਐਂਡ ਫ਼ਿਲਿੱਪ ਵਾਈ. ਪੈਂਡਲਟਨ, *ਦ ਫ਼ੋਰਫ਼ੋਲਡ ਗੌਸਪਲ ਆਰ ਏ ਹਾਰਮਨੀ ਆਫ਼ ਦ ਫ਼ੋਰ ਗੌਸਪਲਜ਼* (ਸਿੰਸਿਨਾਟੀ: ਸਟੈਂਡਰਡ ਪਬਲਿਸ਼ਿੰਗ ਕੰ., 1914), 666. [3]ਵਾਰੇਨ ਡਬਲਯੂ. ਵਿਅਰਸਬੇ, *ਦ ਬਾਈਬਲ ਐਕਸਪੋਜ਼ਿਸ਼ਨ ਕਮੈਂਟਰੀ,* ਜਿਲਦ 1 (ਵ੍ਹੀਟਨ, ਇਲਿਨੋਇਸ: ਵਿਕਟਰ ਬੁਕਸ, 1989), 355 ਵਿਚ ਦੁਹਰਾਇਆ ਗਿਆ, ਲੇਖਕ ਅਗਿਆਤ।

# ਨਬੂਵਤ ਵਿਚ ਮਸੀਹ

## (ਯੂਹੰਨਾ 5:30-47)

> ''ਪਰ ਜਿਹੜੀ ਸਾਖੀ ਮੇਰੇ ਕੋਲ ਹੈ ਉਹ ਯੂਹੰਨਾ ਦੀ ਸਾਖੀ ਨਾਲੋਂ ਵੱਡੀ ਹੈ ਕਿਉਂਕਿ ਜੋ ਕੰਮ ਪਿਤਾ ਨੇ ਮੈਨੂੰ ਸੰਪੂਰਣ ਕਰਨ ਲਈ ਸੌਂਪੇ ਹਨ ਅਰਥਾਤ ਏਹੋ ਕੰਮ ਜੋ ਮੈਂ ਕਰਦਾ ਹਾਂ ਸੋਈ ਮੇਰੇ ਹੱਕ ਵਿਚ ਸਾਖੀ ਦਿੰਦੇ ਹਨ ਭਈ ਪਿਤਾ ਨੇ ਮੈਨੂੰ ਘੱਲਿਆ ਹੈ। ਅਰ ਪਿਤਾ ਜਿਨ੍ਹ ਮੈਨੂੰ ਘੱਲਿਆ ਉਸੇ ਨੇ ਮੇਰੇ ਹੱਕ ਵਿਚ ਸਾਖੀ ਦਿੱਤੀ ਹੈ। ... ਤੁਸੀਂ ਲਿਖਤਾਂ ਨੂੰ ਭਾਲਦੇ ਹੋ ਕਿਉਂਕਿ ਤੁਸੀਂ ਸਮਝਦੇ ਹੋ ਭਈ ਇਨ੍ਹਾਂ ਵਿਚ ਸਾਨੂੰ ਸਦੀਪਕ ਜੀਉਣ ਮਿਲਦਾ ਹੈ ਅਤੇ ਮੇਰੇ ਹੱਕ ਵਿਚ ਜੋ ਸਾਖੀ ਦਿੰਦੇ ਹਨ ਸੋ ਏਹੋ ਹਨ। ਤੁਸੀਂ ਜੀਉਣ ਲੱਭਣ ਲਈ ਮੇਰੇ ਕੋਲ ਆਉਣਾ ਨਹੀਂ ਚਾਹੁੰਦੇ ਹੋ। ... ਇਹ ਨਾ ਸਮਝੋ ਭਈ ਮੈਂ ਪਿਤਾ ਦੇ ਕੋਲ ਤੁਹਾਡੇ ਜੁੰਮੇ ਦੋਸ਼ ਲਾਵਾਂਗਾ। ਇਕ ਹੈ ਤੁਹਾਡੇ ਜੁੰਮੇ ਦੋਸ਼ ਲਾਉਣ ਵਾਲਾ ਅਰਥਾਤ ਮੂਸਾ ਜਿਹ ਦੇ ਉੱਤੇ ਤੁਸੀਂ ਆਸ ਰੱਖਦੇ ਹੋ। ਜੇ ਤੁਸੀਂ ਮੂਸਾ ਦੀ ਪਰਤੀਤ ਕਰਦੇ ਤਾਂ ਮੇਰੀ ਵੀ ਪਰਤੀਤ ਕਰਦੇ ਕਿਉਂ ਜੋ ਉਸ ਨੇ ਮੇਰੇ ਹੱਕ ਵਿਚ ਲਿਖਿਆ ਸੀ। ਪਰ ਜਾਂ ਤੁਸੀਂ ਉਹ ਦੀਆਂ ਲਿਖਤਾਂ ਦੀ ਪਰਤੀਤ ਨਹੀਂ ਕਰਦੇ ਤਾਂ ਮੇਰੀਆਂ ਗੱਲਾਂ ਦੀ ਕਿਵੇਂ ਪਰਤੀਤ ਕਰੋਗ?'' (ਯੂਹੰਨਾ 5:30–47)।

### ਜਾਣ ਪਛਾਣ

ਜੇ ਮੈਂ ਤੁਹਾਨੂੰ ਦੱਸਾਂ ਕਿ ਤੁਹਾਡੇ ਜਨਮ ਤੋਂ ਸੈਂਕੜੇ ਸਾਲ ਪਹਿਲਾਂ, ਤੁਹਾਡੀ ਜ਼ਿੰਦਗੀ ਵਿਚ ਵਾਪਰਣ ਵਾਲੀਆਂ ਘਟਨਾਵਾਂ ਪਹਿਲਾਂ ਹੀ ਦੱਸ ਦਿੱਤੀਆਂ ਗਈਆਂ ਸਨ, ਭਾਵ ਤੁਹਾਡੇ ਜਨਮ ਦਾ ਸਮਾਂ, ਤੁਹਾਡੇ ਜਨਮ ਦਾ ਥਾਂ, ਅਤੇ ਤੁਹਾਡੇ ਪਰਿਵਾਰ ਦਾ ਪਿਛੋਕੜ, ਤੁਹਾਡਾ ਵਿਹਾਰ, ਤੁਹਾਡੀ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਘਟਨਾਵਾਂ ਅਤੇ ਉਸ ਢੰਗ ਦੀ ਤਸਵੀਰ ਦੀ ਤੁਹਾਡੇ ਮੌਤ ਕਿਵੇਂ ਹੋਵੇਗੀ, ਤਾਂ ਤੁਹਾਨੂੰ ਕਿਵੇਂ ਲੱਗੇਗਾ? ਨਾਮੁਮਕਿਨ ਹੈ, ਮਨੁੱਖ ਲਈ ਤਾਂ ਇਹ ਨਾਮੁਮਕਿਨ ਹੀ ਹੈ ਪਰ ਖ਼ੁਦਾ ਲਈ ਨਹੀਂ। *ਯਿਸੂ* ਦੀ ਜ਼ਿੰਦਗੀ ਦਾ ਉਸ ਦੇ ਜਨਮ ਲੈਣ ਤੋਂ ਸੈਂਕੜੇ ਸਾਲ ਪਹਿਲਾਂ ਲਿਖ ਦਿੱਤਾ ਗਿਆ ਸੀ!

### ਪੁਰਾਣੇ ਨੇਮ ਦੀ ਨਬੂਵਤ ਦੀ ਤਾਕਤ

ਯਿਸੂ ਨੇ ਆਪਣੀ ਖ਼ੁਦਾਈ ਦੀਆਂ ਚਾਰ ਗਵਾਹ ਦੱਸੇ (ਯੂਹੰਨਾ 5:30–47)। ਇਕ ਤਾਂ ਲਿਖਤ ਹੀ ਹੈ।[1] ਪਰਾਣੇ ਨੇਮ ਵਿਚ ਮਸੀਹਾ ਦੇ ਸਬੰਧ ਵਿਚ ਕਈ ਹਵਾਲੇ ਦਿੱਤੇ ਗਏ ਸਨ: ਯਿਸੂ ਦੇ ਉਹਾ ਹੋਣ ਦਾ ਦਾਅਵਾ ਸੀ (ਲੂਕਾ 24:25–27)। ਵਿਚਾਰ ਕਰੋ ਕਿ ਉਹ ਦਾਅਵਾ ਕਿੰਨਾ ਦਲੇਰੀ ਭਰਿਆ ਸੀ। ਯਹੂਦੀ ਲੋਕ ਇਸ ਤੋਂ ਅਨਜਾਣ ਨਹੀਂ ਸਨ ਕਿਉਂਕਿ ਉਹ ਲਿਖਤ ਤੋਂ ਵਾਕਫ਼ ਸਨ। ਉਹ ਮਸੀਹਾ ਦੀ ਰਾਹ ਤੱਕ ਰਹੇ ਸਨ। ਉਹ ਕਿਸੇ ਵੀ ਜਾਲਸਾਜ਼ ਦੀ ਜ਼ਿੰਦਗੀ ਨਾਲ ਮਿਲਾ ਕੇ ਇਸ ਨੂੰ ਜਾਣ ਸਕਦੇ ਸਨ। ਯਿਸੂ ਨੇ ਮਸੀਹਾ ਲਈ ਠਹਿਰਾਈ ਗਈ ਹਰ ਸ਼ਰਤ ਨੂੰ ਪੂਰਾ ਕਰਨ ਦਾ ਦਾਅਵਾ ਕੀਤਾ *ਅਤੇ ਉਹ ਉਸ ਦੇ ਦਾਅਵੇ ਨੂੰ ਰੱਦ ਨਹੀਂ ਸਕੇ ਸਨ*। ਜੇ ਉਨ੍ਹਾਂ ਨੂੰ *ਇਕ* ਵੀ ਨਬੂਵਤ ਮਿਲ ਜਾਂਦੀ ਜਿਹੜੀ ਯਿਸੂ ਦੀ ਜ਼ਿੰਦਗੀ ਅਤੇ ਸੇਵਕਾਈ ਨਾਲ ਪੂਰੀ ਨਹੀਂ ਹੋਈ ਸੀ,ਤਾਂ ਉਸ ਦੇ ਸਭ ਦਾਅਵੇ ਖੋਖਲੇ ਸਾਬਤ ਹੋਣੇ ਸਨ।

ਪੈਂਟੀਕਾਸਟ ਵਾਲੇ ਦਿਨ ਦੇ ਬਾਅਦ ਤੋਂ ਪ੍ਰਚਾਰ ਕਰਦੇ ਹੋਏ ਰਸੂਲ ਇਹੀ ਦਾਅਵਾ ਕਰਦੇ ਸਨ ਕਿ ਯਿਸੂ ਹੀ ਮਸੀਹਾ ਹੈ। ਹੁਣ ਵੀ ਵਿਧਵਾਨ ਯਹੂਦੀ ਇਸ ਦਾਅਵੇ ਨੂੰ ਰੱਦ ਨਹੀਂ ਕਰ ਸਕਦੇ ਸਨ। ਯਿਸੂ ਖ਼ੁਦਾ ਦਾ ਪੁੱਤਰ ਸੀ ਅਤੇ ਕੋਈ ਮਨੁੱਖ ਉਨ੍ਹਾਂ ਨੂੰ ਪੂਰਾ ਨਹੀਂ ਕਰ ਸਕਦਾ ਸੀ ਜਿਨ੍ਹਾਂ ਨੂੰ ਯਿਸੂ ਨੇ

ਪੂਰਿਆਂ ਕੀਤਾ। ਭਾਵ ਕੋਈ ਫ਼ਰੇਬੀ ਯਹੂਦੀਆਂ ਨੂੰ ਬੇਵਕੂਫ਼ ਨਹੀਂ ਬਣਾ ਸਕਦਾ ਸੀ। ਸੈਂਕੜੇ ਵਿਦਵਾਨਾਂ ਵੱਲੋਂ ਲਿਖਤ ਦੇ ਇਸ ਦਾਅਵੇ ਦੀ ਤੁਲਨਾ ਕਈ ਨਬੂਵਤਾਂ ਨਾਲ ਕਰਨ ਕਰਕੇ ਕੋਈ ਜਾਲਸਾਜ਼ ਕਿਤੇ ਨਾ ਕਿਤੇ ਕੋਈ ਚੂਕ ਕਰ ਹੀ ਸਕਦਾ ਸੀ।

ਇਸ ਤੋਂ ਇਲਾਵਾ, ਨਬੂਵਤ ਦੀਆਂ ਗੱਲਾਂ ਯਿਸੂ ਦੇ ਕੰਟਰੋਲ ਵਿਚ ਨਹੀਂ ਸਨ ਜਿਵੇਂ ਉਸ ਦੀ ਕੁਲਪੱਤਰੀ, ਉਸ ਦੇ ਜਨਮ ਦੀ ਥਾਂ, ਨਵਜੰਮੇ ਬੱਚੇ ਦੇ ਰੂਪ ਵਿਚ ਉਸ ਦਾ ਮਿਸਰ ਵਿਚ ਲਿਜਾਇਆ ਜਾਣਾ, ਨਬੂਵਤਾਂ ਦਾ ਇਸ ਤਰ੍ਹਾਂ ਨਾਲ ਪੂਰਾ ਹੋਣਾ ਜੁਗਤ ਲੜਾ ਕੇ ਨਹੀਂ ਕੀਤਾ ਜਾ ਸਕਦਾ ਸੀ। ਸਾਨੂੰ ਯਿਸੂ ਨੂੰ ਉਹੀ ਮੰਨਣ ਦੀ ਲੋੜ ਹੈ ਜੋ ਉਹ ਹੈ!

## ਪੁਰਾਣੇ ਨੇਮ ਦੀ ਨਬੂਵਤ ਦਾ ਪੂਰਾ ਹੋਣਾ

ਮਸੀਹਾ ਦੇ ਸਬੰਧ ਵਿਚ ਨਬੂਵਤਾਂ ਦੀ ਸ਼ੁਰੂਆਤ ਉਤਪਤ 3:15 ਅਤੇ 12:3 ਤੋਂ ਹੁੰਦੀ ਹੈ। ਮਨੁੱਖ ਦੇ ਯੁਗਾਂ ਦੇ ਹਨ੍ਹੇਰੇ ਵਿੱਚੋ ਲੰਘਣ ਤੇ ਅਜਿਹਾ ਆਇਤਾਂ ਮੁਕਤੀਦਾਤੇ ਦੇ ਆਉਣ ਦੀ ਰਾਹ ਤੱਕਣ ਦੀ ਪ੍ਰੇਰਣਾ ਦਿੰਦੀਆਂ ਸਨ।

ਸੈਂਕੜੇ ਨਬੂਵਤਾਂ ਮਸੀਹ ਬਾਰੇ ਦਸਦੀਆਂ ਹਨ ਪਰ ਹੇਠਾਂ ਦਿੱਤੀ ਉਦਾਹਰਣ ਹਰ ਗੱਲ ਨੂੰ ਸਮਝਾਉਣ ਲਈ ਕਾਫ਼ੀ ਹੈ। ਮਸੀਹ ਨੇ ਆਪਣੇ ਜਨਮ ਤੋਂ ਸੈਂਕੜੇ ਸਾਲ ਪਹਿਲਾਂ ਲਿਖੀਆਂ ਪਵਿੱਤਰ ਲਿਖਤ ਦੀਆਂ ਗੱਲਾਂ ਨੂੰ ਪੂਰਾ ਕੀਤਾ।

### ਸਮਾਂ

ਪੁਰਾਣਾ ਨੇਮ ਦੱਸਦਾ ਹੈ ਕਿ ਮਸੀਹਾ ਦਾ ਰਾਜ ਕਿਸ ਸਮੇਂ ਕਾਇਮ ਹੋਣਾ ਸੀ। ਦਾਨੀਏਲ 2:44 ਦੁਨੀਆਂ ਦੇ ਚੌਥੇ ਰਾਜ ਭਾਵ ਰੋਮੀ ਹਕੂਮਤ ਦੀ ਗੱਲ ਕਰਦਿਆਂ ਇਹ ਕਹਿੰਦਾ ਹੈ, ‘‘ਉਨ੍ਹਾਂ ਰਾਜਿਆਂ ਦੇ ਦਿਨਾਂ ਵਿਚ ਅਕਾਸ਼ ਦਾ ਪਰਮੇਸ਼ੁਰ ਇਕ ਰਾਜ ਖੜਾ ਕਰੇਗਾ ਜਿਹੜਾ ਸਦਾ ਤੀਕ ਨੇਸਤ ਨਾ ਹੋਵੇਗਾ ...।’’ ਯਿਸੂ ਦੇ ਜਨਮ ਦੇ ਵਿਰਤਾਂਤ ਨਾਲ ਸ਼ੁਰੂ ਕਰਦਿਆਂ ਲੂਕਾ 2:1 ਰੋਮੀ ਹਾਕਮ ਕੈਸਰ ਅਗਸਤੁਸ ਵੱਲੋਂ ਕੀਤੀ ਗਈ ਮਰਦਮਸ਼ੁਮਾਰੀ ਲਈ ਦਿੱਤੇ ਹੁਕਮ ਦੇ ਸਮੇਂ ਦੀ ਗੱਲ ਕਰਦਾ ਹੈ।

ਦਾਨੀਏਲ 9:25 ਸਾਫ਼ ਕਰਦਾ ਹੈ ਕਿ ‘‘ਜਿਸ ਵੇਲੇ ਤੋਂ ਯਰੂਸ਼ਲਮ ਦੇ ਦੂਜੀ ਵਾਰ ਆਗਿਆ ਨਿਕਲੇਗੀ ਮਸੀਹ ਰਾਜ ਪੁੱਤਰ ਤੀਕਰ ਸੱਤ ਸਾਤੇ ਹੋਣਗੇ। ...’’ ਭਾਵੇਂ ਇਸ ਆਇਤ ਵਿਚ ਦਰਜ ਹਫ਼ਤਿਆਂ ਦੀ ਗਿਣਤੀ ਕਰਨ ਦੀਆਂ ਕੋਸ਼ਿਸ਼ਾਂ ਨਾਲ ਮੁਸ਼ਕਿਲ ਸਵਾਲ ਖੜੇ ਹੋ ਜਾਂਦੇ ਹਨ, ਪਰ ਆਮ ਵਿਚਾਰ ਬਿਲਕੁਲ ਸਾਫ਼ ਹੈ ਕਿ ਇਕ ਬਹੁਤ ਵੱਡੀ ਘਟਨਾ ਹੋਣ ਵਾਲੀ ਸੀ। ਇਸ ਘਟਨਾ ਇਸ ਲਈ ਹੋਣੀ ਸੀ ਕਿ ਉਹ ‘‘ਅਪਰਾਧ ਨੂੰ ਮੁਕਾਏ ਅਤੇ ਪਾਪ ਦਾ ਅੰਤ ਕਰੇ ਅਤੇ ਬੁਰਿਆਈ ਦਾ ਪ੍ਰਾਸਚਿਤ ਕਰੇ ਅਤੇ ਸਦਾ ਦਾ ਧਰਮ ਲਿਆਏ ਅਤੇ ਅਦ੍ਰਿਸ਼ਟ ਪਰ ਅਗਮ ਗਿਆਨ ਉੱਤੇ ਮੋਹਰ ਲਾਵੇ ਅਤੇ ਅਤ ਪਵਿੱਤਰ ਨੂੰ ਮਸਹ ਕਰੇ’’ (ਦਾਨੀਏਲ 9:24)। ਜਿਵੇਂ ਕਿ ਨੀਲ ਪ੍ਰਾਯੋਰ ਨੇ ਕਿਹਾ ਹੈ, ‘‘ਇਹ ਗੱਲਾਂ ਮਸੀਹਾ ਦੇ ਰਾਹੀਂ ਹੀ ਲਿਆਂਦੀਆਂ ਜਾ ਸਕਦੀਆਂ ਸਨ।’’[2]

ਮਲਾਕੀ 3:1 ਵਿਚ ਨਬੀ ਨੇ ਸੰਕੇਤ ਦਿੱਤਾ ਸੀ ‘‘ਕਿ ਪ੍ਰਭੂ ਆਪਣੀ ਹੈਕਲ ਵਿਚ ਪ੍ਰਭੂ ਅਚਾਨਕ ਆਵੇਗਾ।’’ ਯਿਸੂ ਦੀ ਸੇਵਕਾਈ ਸ਼ੁਰੂ ਹੋਣ ਵੇਲੇ ਹੈਕਲ ਦੀ ਮੁੜ ਉਸਾਰੀ ਹੈਰੋਦੇਸ ਰਾਹੀਂ ਕੀਤੀ ਜਾ ਰਹੀ ਸੀ।

### ਮਸੀਹ ਦੀ ਵੰਸ਼ਾਵਲੀ

ਉਤਪਤ 22:18 ਵਿਚ ਖ਼ੁਦਾ ਨੇ ਅਬਰਾਹਾਮ ਨਾਲ ਵਾਅਦਾ ਕੀਤਾ ਸੀ, ‘‘ਤੇਰੀ ਅੰਸ਼ ਵਿਚ ਧਰਤੀ ਦੀਆਂ ਸਾਰੀਆਂ ਕੌਮਾਂ ਬਰਕਤ ਪਾਉਣਗੀਆਂ ਕਿਉਂ ਜੋ ਤੈਂ ਮੇਰੇ ਬੋਲ ਨੂੰ ਸੁਣਿਆ ਹੈ।’’

ਅਬਰਾਹਾਮ ਦੇ ਪੋਤੇ ਯਾਕੂਬ (ਇਸਰਾਏਲ) ਨੇ ਆਪਣੇ ਪੁੱਤਰਾਂ ਨੂੰ ਬਰਕਤ ਦਿੰਦਿਆਂ, ਨਬੂਵਤ ਕੀਤੀ ਸੀ, ''ਯਹੂਦਾ ਤੋਂ ਰਾਜ ਡੰਡਾ ਚਲਿਆ ਨਾ ਜਾਵੇਗਾ ਨਾ ਉਸ ਤੇ ਪੈਰਾਂ ਦੇ ਵਿੱਚੋਂ ਹਾਕਮ ਦਾ ਸੋਟਾ ਜਦ ਤੀਕ ਸ਼ਾਂਤੀ ਦਾਤਾ ਨਾ ਆਵੇ; ...'' (ਉਤਪਤ 49:10)। ਯਿਰਮਿਯਾਹ 23:5, 6 ਵਿਚ ਅਸੀਂ ਪੜ੍ਹਦੇ ਹਾਂ, ''... ਮੈਂ ਦਾਊਦ ਲਈ ਇਕ ਧਰਮੀ ਸ਼ਾਖ ਖੜੀ ਕਰਾਂਗਾ। ਉਹ ਰਾਜਾ ਹੋ ਕੇ ਰਾਜ ਕਰੇਗਾ। ...'' ਮਸੀਹਾ ਦੀ ਸ਼ਬਦਾਵਲੀ ਵਿਚ ਅਬਰਾਹਾਮ, ਯਹੂਦਾ ਅਤੇ ਦਾਊਦ ਦਾ ਨਾਂ ਆਉਣਾ ਸੀ। ਮੱਤੀ 1: 2, 3 ਅਤੇ 6 ਆਇਤਾਂ ਵਿਚ ਦਿੱਤੀ ਵੰਸ਼ਾਵਲੀ ਵਿਚ ਵੇਖੋ ਕਿ ਯਿਸੂ ਦੇ ਪੂਰਵਜਾਂ ਵਿਚ ਅਬਰਾਹਾਮ, ਯਹੂਦਾ ਅਤੇ ਦਾਊਦ ਦਾ ਨਾਂਅ ਦਿੱਤਾ ਗਿਆ ਹੈ। ਹੋਰ ਆਇਤਾਂ ਤੋਂ ਇਸ ਗੱਲ ਦੀ ਤਸਦੀਕ ਹੁੰਦੀ ਹੈ ਕਿ ਯਿਸੂ ਅਬਰਾਹਾਮ (ਗਲਾਤੀਆਂ 3:16), ਯਹੂਦਾ (ਇਬਰਾਨੀਆਂ 7:14), ਅਤੇ ਦਾਊਦ (2 ਤਿਮੋਥਿਉਸ 2:8) ਦੀ ਸੰਤਾਨ ਸੀ।

### ਮਸੀਹ ਦੇ ਜਨਮ ਦਾ ਥਾਂ

ਇਹ ਨਬੂਵਤ ਮੀਕਾਹ 5:2 ਵਿਚ ਕੀਤੀ ਗਈ ਸੀ। ''ਪਰ ਹੇ ਬੈਤਲਹਮ ਅਫ਼ਰਾਥਾਹ, ... ਤੈਥੋਂ ਇਕ ਮੇਰੇ ਲਈ ਨਿੱਕਲੇਗਾ ਜੋ ਇਸਰਾਏਲ ਵਿਚ ਹਾਕਮ ਹੋਵੇਗਾ, ਜਿਹਦਾ ਨਿੱਕਲਣਾ ਪ੍ਰਾਚੀਨ ਸਮੇਂ ਤੋਂ ਸਗੋਂ ਅਨਾਦੀ ਤੋਂ ਹੈ।'' ਯਹੂਦੀ ਵਿਦਵਾਨ ਇਸ ਨਬੂਵਤ ਤੋਂ ਵਾਕਫ਼ ਸਨ ਅਤੇ ਰਾਜਾ ਹੈਰੋਦੇਸ ਵੱਲੋਂ ਇਹ ਪੁੱਛੇ ਜਾਣ ਤੇ ਕਿ ਮਸੀਹਾ ਦਾ ਜਨਮ ਕਿੱਥੇ ਹੋਣਾ ਚਾਹੀਦਾ ਹੈ ਉਨ੍ਹਾਂ ਨੇ ਇਸ ਦਾ ਜਵਾਬ ਦਿੱਤਾ ਸੀ (ਮੱਤੀ 2:5, 6)। ਯਿਸੂ ਦਾ ਜਨਮ ਉੱਥੇ ਹੀ ਹੋਇਆ ਜਿੱਥੇ ਨਬੀ ਨੇ ਕਿਹਾ ਸੀ ਕਿ ਉਸ ਦਾ ਜਨਮ ਹੋਵੇਗਾ (ਲੂਕਾ 2:4–6)।

### ਮਸੀਹ ਦੀ ਜ਼ਿੰਦਗੀ

ਮਸੀਹ ਦੀ ਜ਼ਿੰਦਗੀ ਨਾਲ ਜੁੜੇ ਕਈ ਤੱਥ ਪੁਰਾਣੇ ਨੇਮ ਵਿਚ ਦਿੱਤੇ ਗਏ ਹਨ। ਉਹ ਯਿਸੂ ਦੀ ਜ਼ਿੰਦਗੀ ਵਿਚ ਪੂਰੇ ਹੋਏ ਸਨ। ਮਸੀਹਾ ਨੂੰ ''ਮਿਸਰ ਵਿੱਚੋਂ ਸੱਦਿਆ'' ਜਾਣਾ ਸੀ (ਹੋਸ਼ੇਆ 11:1; ਵੇਖੋ ਮੱਤੀ 2:13–15)। ਉਸ ਨੇ ਮੁਸ਼ਕਿਲ ਹਾਲਾਤ ਵਿਚ ਵੱਡਾ ਹੋਣਾ ਸੀ (ਯਸਾਯਾਹ 53:2; ਵੇਖੋ ਮੱਤੀ 2:19–23; ਯੂਹੰਨਾ 1:46)। ਉਸ ਦੀ ਸੇਵਕਾਈ ਤੋਂ ਪਹਿਲਾਂ ਏਲੀਆਹ ਵਰਗੇ ਇਕ ਸ਼ਖ਼ਸ ਨੇ ਆਉਣਾ ਸੀ ਜਿਸ ਨੇ ਉਹਦੇ ਲਈ ਰਾਹ ਤਿਆਰ ਕਰਨਾ ਸੀ (ਯਸਾਯਾਹ 40:3; ਮਲਾਕੀ 3:1; ਵੇਖੋ ਮੱਤੀ 17:10–13; ਮਰਕੁਸ 1:2–4; ਲੂਕਾ 1:17)। ਉਸ ਨੇ ਆਪਣੀ ਸੇਵਕਾਈ ਵਿਚ ਬਹੁਤ ਭਲਿਆਈ ਕਰਨੀ ਸੀ (ਯਸਾਯਾਹ 35:5, 6; ਵੇਖੋ ਮੱਤੀ 11:2–5; ਲੂਕਾ 7:21, 22)। ਇਸ ਦੇ ਬਾਵਜੂਦ ਉਸ ਨਾਲ ਨਫ਼ਰਤ ਕੀਤੀ ਜਾਣੀ ਸੀ ਅਤੇ ਉਸ ਨੂੰ ਠੁਕਰਾਇਆ ਜਾਣਾ ਸੀ (ਯਸਾਯਾਹ 53:3; ਵੇਖੋ ਯੂਹੰਨਾ 1:11; 15:18, 24)।

### ਮਸੀਹ ਦਾ ਆਖ਼ਰੀ ਹਫ਼ਤਾ

ਜ਼ਕਰਯਾਹ ਨੇ ਯਰੂਸ਼ਲਮ ਵਿਚ ਗਧੇ ਤੇ ਸਵਾਰ ਹੋ ਕੇ ਇਕ ਰਾਜੇ ਦੇ ਆਉਣ ਦੀ ਗੱਲ ਕਹੀ ਜੋ ਫ਼ਤਹਿਮੰਦ ਦਾਖ਼ਲੇ ਦੀ ਸਾਫ਼ ਨਬੂਵਤ ਸੀ (ਜ਼ਕਰਯਾਹ 9:9; ਮਰਕੁਸ 11:1–10)। ਨਬੀ ਨੇ ਖ਼ੁਦਾ ਦੇ ਘਰ ਵਿਚ ਘੁਮਿਆਰ ਦੇ ਕੋਲ ਸੁੱਟੇ ਗਏ ਚਾਂਦੀ ਦੇ ਤੀਹ ਸਿੱਕਿਆਂ ਦੀ ਵੀ ਗੱਲ ਕੀਤੀ। ਇਹ ਨਬੂਵਤ ਮਸੀਹ ਦੇ ਯਹੂਦਾ ਵੱਲੋਂ ਫੜਵਾਏ ਜਾਣ ਦੇ ਸਬੰਧ ਵਿਚ ਕੀਤੀ ਗਈ ਸੀ (ਵੇਖੋ ਜ਼ਕਰਯਾਹ 11:12, 13; ਮੱਤੀ 26:14; 27:5–7)। ਯਸਾਯਾਹ ਨੇ ਯਿਸੂ ਦੀ ਮੌਤ ਦਾ ਕਾਰਣ ਬਣਨ ਵਾਲੀਆਂ ਘਟਨਾਵਾਂ ਦਾ ਅਫ਼ਸੋਸਨਾਕ ਵੇਰਵਾ ਦਿੱਤਾ (ਯਸਾਯਾਹ 50:6; 53:7; ਵੇਖੋ ਰਸੂਲਾਂ ਦੇ ਕੰਮ 8:32–35)।

### ਮਸੀਹ ਦੀ ਮੌਤ

ਪੁਰਾਣੇ ਨੇਮ ਵਿਚ ਕਿਹਾ ਗਿਆ ਸੀ ਕਿ ਮਸੀਹਾ ਨੂੰ ''ਵੱਢਿਆ ਜਾਵੇਗਾ'' ਜੋ ਖ਼ਤਰਨਾਕ ਮੌਤ ਦਾ ਸੰਕੇਤ ਸੀ (ਯਸਾਯਾਹ 53:8; ਦਾਨੀਏਲ 9:26) ਅਤੇ ਤਿਆਗ ਦਿੱਤਾ ਜਾਵੇਗਾ (ਜ਼ਬੂਰ 22:1, 6–8, 16–18)। ਉਸ ਨੇ ਵਿੰਨ੍ਹਿਆ ਜਾਣਾ ਸੀ (ਜ਼ਬੂਰ 22:16; ਜ਼ਕਰਯਾਹ 12:10), ਪਰ ਉਸ ਦੀ ਕੋਈ ਹੱਡੀ ਨਹੀਂ ਟੁੱਟਣੀ ਸੀ (ਜ਼ਬੂਰ 34:20)। ਇਹ ਅਤੇ ਹੋਰ ਨਬੂਵਤਾਂ ਯਿਸੂ ਦੀ ਮੌਤ ਵਿਚ ਨਾਟਕੀ ਢੰਗ ਨਾਲ ਪੂਰੀਆਂ ਹੋਈਆਂ। (ਪੜ੍ਹੋ ਯੂਹੰਨਾ 19:23, 24, 34, 36, 37.)

### ਮਸੀਹ ਦਾ ਦਫ਼ਨਾਇਆ ਜਾਣਾ

ਮਸੀਹ ਦੇ ਦਫ਼ਨਾਏ ਜਾਣ ਦੇ ਹਾਲਾਤ ਤਕ ਦੀ ਨਬੂਵਤ ਉਸ ਦੇ ਜਨਮ ਤੋਂ ਪਹਿਲਾਂ ਹੋ ਚੁੱਕੀ ਸੀ। ਉਸ ਨੇ ਬੁਰਿਆਰਾਂ ਦੇ ਨਾਲ ਮਰਨਾ, ਪਰ ਅਮੀਰ ਆਦਮੀ ਨਾਲ ਦਫ਼ਨਾਏ ਜਾਣਾ ਸੀ (ਯਸਾਯਾਹ 53:9)। ਇਹ ਗੱਲਾਂ ਬਿਲਕੁਲ ਉਵੇਂ ਪੂਰੀਆਂ ਹੋਈਆਂ। ਮੱਤੀ 27:57–60 ਦਾ ਵਿਰਤਾਂਤ ਪੜ੍ਹੋ।

## ਸਾਰ

ਇਹ ਅਤੇ ਹੋਰ ਨਬੂਵਤਾਂ ਸਾਡੇ ਵਿਸ਼ਵਾਸ ਨੂੰ ਮਜ਼ਬੂਤ ਕਰਨ ਲਈ ਕਾਫ਼ੀ ਜਾਣਕਾਰੀ ਮੁਹੱਈਆ ਕਰਾਉਂਦੀਆਂ ਹਨ। ਭਲਾ ਅਸੀਂ ਸਚਮੁਚ ਵਿਸ਼ਵਾਸ ਕਰਦੇ ਹਾਂ ਕਿ ਯਿਸੂ ਪਰਮੇਸ਼ੁਰ ਦਾ ਪੁੱਤਰ ਹੈ? ਤਾਂ ਫਿਰ ਉਸ ਦੇ ਵਿਸ਼ਵਾਸ ਦੇ ਮੁਤਾਬਿਕ ਕੰਮ ਕਰੀਏ। (ਪੜ੍ਹੋ ਮੱਤੀ 7:21; ਲੂਕਾ 6:46.)

---

ਟਿੱਪਣੀਆਂ

[1]ਯਿਸੂ ਵੱਲੋਂ ਦਿੱਤੀ ਤਿੰਨ ਹੋਰ ਨਾਂਅ ਪਰਮੇਸ਼ੁਰ, ਯੂਹੰਨਾ ਅਤੇ ਮੋਅਜਜ਼ਿਆਂ ਦੇ ਸਨ। [2]''ਡੈਨੀਅਲ, 2,'' ਟਰੁੱਥ ਫ਼ਾਰ ਟੁਡੇ (ਜੂਨ 2001): 51 ਵਿਚ ਨੀਲ ਪ੍ਰਾਯੋਰ, ''ਏ ਪ੍ਰੇਅਰ ਐਂਡ ਇਟਸ ਆਂਸਰ।''

# ਗਥਸਮਨੀ ਬਾਗ: ਇਕ ਵਿਆਖਿਆਮਕ ਢੰਗ

''ਵਰਣਨਾਤਮਕ ਸਰਮਨ'' ਵਿਚ ਸਿਰਫ਼ ਕਹਾਣੀ ਦੱਸ ਕੇ, ਸੁਣਨ ਵਾਲਿਆਂ ਨੂੰ ਥੋੜਾ ਬਹੁਤ ਉਸ ਨੂੰ ਆਪਣੇ ਉੱਤੇ ਲਾਗੂ ਕਰਨ ਦਿੱਤਾ ਜਾਂਦਾ ਹੈ। ਪਵਿੱਤਰ ਲਿਖਤ ਦੇ ਕੁਝ ਭਾਗ ਵਰਣਨਾਤਮਕ ਢੰਗ ਲਈ ਪੁਕਾਰਦੇ ਹਨ ਅਤੇ ਬਾਗ ਵਿਚ ਯਿਸੂ ਇਸ ਤਰ੍ਹਾਂ ਦਾ ਹੀ ਇਕ ਭਾਗ ਹੈ। ਇਸ ਤਰੀਕੇ ਨੂੰ ਗਥਸਮਨੀ ਦੀ ਕਹਾਣੀ ਦੇ ਨਾਲ ਅਪਨਾਉਣ ਦਾ ਫ਼ੈਸਲਾ ਲੈਣ ਦੀ ਕੋਸ਼ਿਸ਼ ਨਾਲ ਤੁਹਾਨੂੰ ਇਸ ਘਟਨਾ ਨਾਲ ਸਬੰਧਤ ਬਾਈਬਲ ਪਾਠ ਅਤੇ ਸਰਮਨ ਵਿਚ ਵਰਤਣ ਲਈ ਸਮੱਗਰੀ ਮਿਲ ਜਾਵੇਗੀ। ਵਿਚਾਰ ਵਧਾਉਣ ਲਈ ਹੇਠਾਂ ਦਿੱਤੀਆਂ ਗਈਆਂ ਗੱਲਾਂ ਉਪਯੋਗੀ ਹਨ।

ਤੁਸੀਂ ਉਪਰਲੇ ਕਰਮੇ ਦੇ ਦ੍ਰਿਸ਼ ਦੀ ਸਮੀਖਿਆ ਕਰਦੇ ਹੋਏ ਸ਼ੁਰੂ ਕਰ ਸਕਦੇ ਹੋ। ਇਨ੍ਹਾਂ ਨਾਲ ਗਥਸਮਨੀ ਦੇ ਜਜ਼ਬਾਤਾਂ ਨਾਲ ਜੁੜਨ ਵਿਚ ਮਦਦ ਮਿਲਦੀ ਹੈ।

ਯਿਸੂ ਅਤੇ ਉਸ ਦੇ ਚੇਲਿਆਂ ਦੇ ਚੁਬਾਰੇ ਵਿੱਚੋਂ ਨਿਕਲ ਕੇ ਯਰੂਸ਼ਲਮ ਦੀਆਂ ਭੀੜੀਆਂ ਗਲੀਆਂ ਵਿੱਚੋਂ ਜਾਣ ਦੀ ਕਲਪਨਾ ਕਰੋ: ''ਸ਼ਹਿਰ ਸੌਂ ਰਿਹਾ ਸੀ। ਆਪਣੀ ਦਰੀ ਤੇ ਸੌਣ ਦੀ ਕੋਸਿਸ਼ ਕਰਦੇ ਹੋਏ ਮੁਸਾਫ਼ਿਰ ਤੋਂ ਇਲਾਵਾ, ਜਿਸ ਨੂੰ ਨੀਂਦ ਨਹੀਂ ਆ ਰਹੀ ਸੀ, ਆਪਦੇ ਘਰ ਵੱਲ ਤੇਜੀ ਨਾਲ ਘੁਮੱਕੜ ਦੇ ਕਦਮਤਾਲ ਲਾਉਂਦੇ ਹੋਏ ਪ੍ਰਹਰੀ ਦੇ ਕਦਮਾਂ ਦੀ ਆਹਟ ਤੋਂ ਇਲਾਵਾ ਸਭ ਸ਼ਾਂਤ ਸੀ।''[1]

''ਗਥਸਮਨੀ ਵੱਲ ਜਾਂਦੇ ਹੋਏ ਉਨ੍ਹਾਂ ਨੇ ਕਿਦਰੋਨ [ਜਾਂ ਕੇਦਰੋਨ] ਨਾਲਾ ਪਾਰ ਕੀਤਾ, ਇਸ ਦਾ ਪਾਣੀ ਸਰਦੀ ਵਿਚ ਆਉਣ ਵਾਲੇ ਮੀਂਹ ਨਾਲ ਵੱਧ ਗਿਆ ਸੀ ਅਤੇ ਪਸਾਹ ਦੇ ਪਰਬ ਤੇ ਕੁਰਬਾਨ ਕੀਤੇ ਗਏ ਯਾਜਕਾਂ ਦੇ ਲਹੂ ਨਾਲ ਲਾਲ ਸੀ।''[2] [ਹੈਕਲ ਵਿਚ ਹੋਮ ਬਲੀਆਂ ਦੀ] ਵੇਦੀ ਨਾਲ ਕਿਦਰੋਨ ਨਾਲੇ ਦੇ ਨਾਲ ਮਿਲਦਾ ਇਕ ਨਾਲਾ ਸੀ ਅਤੇ ਉਸ ਨਾਲੇ ਵਿਚ ਪਸਾਹ ਦੇ ਲੇਲਿਆਂ ਦਾ ਲਹੂ ਵਹਾ ਦਿੱਤਾ ਜਾਂਦਾ ਸੀ। ਜਦੋਂ ਯਿਸੂ ਨੇ ਕਿਦਰੋਨ ਨਾਲਾ ਪਾਰ ਕੀਤਾ ਤਾਂ ਇਹ ਹਾਲੇ ਵੀ ਕੁਰਬਾਨ ਕੀਤੇ ਗਏ ਲੇਲਿਆਂ ਦੇ ਲਹੂ ਨਾਲ ਲਾਲ ਸੀ; ਅਤੇ ਅਜਿਹਾ ਕਰਦੇ ਹੋਏ, ਉਸ ਦੇ ਮਨ ਵਿਚ ਆਪਣੀ ਹੀ ਕੁਰਬਾਨੀ ਦੀ ਗੱਲ ਸਪੱਸ਼ਟ ਸੀ।''[3]

ਉਨ੍ਹਾਂ ਦੇ ਗਥਸਮਨੀ ਵਿਚ ਵੜਨ ਵੇਲੇ ''ਚੰਦਰਮਾ ਪੂਰਾ ਵਿਖਾਈ ਦੇ ਰਿਹਾ ਸੀ ਅਤੇ ਬਾਗ ਦੇ ਰੁੱਖ ਚਾਂਦਨੀ ਵਿਚ ਨ੍ਹਾਤੇ ਹੋਏ ਲੱਗ ਰਹੇ ਸਨ। ਪੁਰਾਣੇ ਰੁੱਖਾਂ ਦੇ ਭੂਰੇ ਹਰੇ ਪੱਤਿਆਂ ਤੇ ਇਕ ਠੰਡੀ ਹਵਾ ਚੱਲੀ''[4] ''ਉਨ੍ਹਾਂ ਪੁਰਾਣੇ ਭੂਰੇ ਹਰੇ ਪੱਤਿਆਂ ਵਾਲੇ ਗੰਢਦਾਰ ਰੁੱਖਾਂ ਤੇ।''[5] ''ਹਾਲਾਂਕਿ ਰੁੱਖਾਂ ਨੇ ਮਈ ਤਕ ਖਿੜਨਾ ਸੀ, ਪਰ ਪਿਛਲੇ ਸਿਆਲ ਦੀ ਵਾਢੀ ਨਾਲ ਕੋਹਲੂ ਤੇ ਤੇਲ ਦੀ ਖੁਸ਼ਬੂ ਹਾਲੇ ਵੀ ਆ ਰਹੀ ਸੀ।''[6]

ਆਪਣੇ ਆਪ ਨੂੰ ਯਿਸੂ ਦੀ ਥਾਂ ਰੱਖ ਕੇ ਉਸ ਦੀ ਮਨ ਦੀ ਪੀੜਾ ਦੀ ਕਲਪਨਾ ਕਰਨ ਦੀ ਕੋਸ਼ਿਸ਼ ਕਰੋ। ਤੁਸੀਂ ਜ਼ਮੀਨ ਤੇ, ਪੱਥਰਾਂ ਵਿਚ ਆਪਣਾ ਸਿਰ ਲਾਉਂਦੇ ਹੋਏ (ਅਤੇ ਉਸ ਇਲਾਕੇ ਦੀ ਵਿਰਲ ਜ਼ਮੀਨ), ਆਪਣੇ ਮਨ ਖ਼ੁਦਾ ਸਾਹਮਣੇ ਉਂਡੇਲ ਰਹੇ ਸਨ। ਆਪਣੀਆਂ ਸਭ ਗਿਆਨ ਇੰਦਰੀਆਂ ਦੀ ਵਰਤੋਂ ਕਰੋ: ਤੁਹਾਨੂੰ ਕਿਉਂ ਸੁਣਾਈ ਦਿੰਦਾ ਹੈ? ਤੁਹਾਨੂੰ ਕੀ ਵਿਖਾਈ ਦਿੰਦਾ ਹੈ? ਤੁਸੀਂ ਕਿਉਂ ਮਹਿਸੂਸ ਕਰਦੇ ਜਾਂ ਸੁਣਦੇ ਹੋ? ''ਉਸ ਦੇ ਨੱਕ ਉੱਤੋਂ ਮੁੜਕਾ ਡਿੱਗਾ ਇਹ ਉਸ ਦੀਆਂ ਅੱਖਾਂ ਵਿੱਚੋਂ ਹੁੰਦਾ ਹੋਇਆ ਸੜੇ ਹੋਏ, ਜੰਮੇ ਹੋਏ ਲਹੂ ਵੱਲ ਜ਼ਮੀਨ ਤੇ ਡਿੱਗਾ।''[7]

ਫਿਰ, ਥੱਕੇ ਹੋਏ ਚੇਲਿਆਂ ਦੀ ਥਾਂ ਹੋਣ ਦੀ ਕਲਪਨਾ ਕਰੋ। ਆਪਣੇ ਆਪ ਨੂੰ ਨੀਂਦ ਨਾਲ ਲੜਦੇ ਅਤੇ ਹਾਰਨ ਦੀ ਕਲਪਨਾ ਕਰੋ। ਮਸੀਹ ਨੇ ਉੱਥੇ ਆਉਣ ਤੇ ਜਿੱਥੇ ਓਹ ਸਨ, ''ਉਨ੍ਹਾਂ ਦੇ ਸਰੀਰ ਰੁੱਖਾਂ ਦੇ ਥੱਲੇ ਬੋਰਾਂ ਵਾਂਗ ਪਏ ਹੋਏ ਸਨ। ਠੰਡੇ ਸਾਹ ਲੈਂਦੇ ਹੋਏ, ਯਿਸੂ ਜਾਣਦਾ ਸੀ ਕਿ ਓਹ ਤਿੰਨੇ ਸੌਂ ਰਹੇ ਹਨ।''[8]

ਫ਼ਰਿਸ਼ਤੇ ਦੇ ਦਰਸ਼ਨ ਦੇਣ ਤੋਂ ਬਾਅਦ ਪ੍ਰਭੂ ਦੇ ਚਿਹਰੇ ਤੇ ਆਈ ਰੌਣਕ ਨੂੰ ਵੇਖੋ। ਇਸ ਤੇ ਉਸਦਾ ਮੁਖੜਾ ਕਿਵੇਂ ਬਦਲ ਗਿਆ ਹੋਵੇਗਾ? ਤੀਜੀ ਗੱਲ ਚੇਲਿਆਂ ਕੋਲ ਜਾ ਕੇ ਯਿਸੂ ਨੇ ਪਸੀਨੇ ਨਾਲ ਭਿੱਜੇ ਆਪਣੇ ਕੱਪੜਿਆਂ ਨੂੰ ਕਿਵੇਂ ਵੇਖਿਆ? ਕੀ ਉਹ ਰਾਤ ਦੀ ਠੰਡੀ ਹਵਾ ਵਿਚ ਕੰਬਿਆ? ਹੁਣ ਉਸਦੀ ਆਵਾਜ਼ ਵਿਚ ਆਤਮ ਵਿਸ਼ਵਾਸ ਕਿਵੇਂ ਆ ਗਿਆ?


ਅਖ਼ੀਰ ਵਿਚ, ਭੀੜ ਦੇ ਬਾਗ ਵਿਚ ਵੜਨ ਨੂੰ ਵੇਖੋ: ''ਬਾਗ ਵਿਚ ਹਜੂਮ ਦੇ ਆਉਣ ਦਾ ਰੌਲਾ ਸੁਣਾਈ ਦੇ ਰਿਹਾ ਹੈ। ਲੋਕਾਂ ਦੇ ਹੱਕਾਂ ਵਿਚ ਬਦਲੀਆਂ ਮਸ਼ਾਲਾਂ ਰਾਤ ਨੂੰ ਭੀੜ ਦੇ ਉਪਰ ਧੂਏਂ ਦੇ ਲੱਛੇ ਬਣਾ ਰਹੀ ਸੀ।''[9] ਪ੍ਰਭੂ ਨੇ ਦਿਲੇਰੀ ਨਾਲ ਉਨ੍ਹਾਂ ਵੱਲ ਵਧਣ ਦਾ ਚਿਤਰਨ ਕਰੋ। ਉਹ ਤੁਹਾਡੇ ਲਈ ਅਤੇ ਮੇਰੇ ਲਈ ਮਰਨ ਨੂੰ ਤਿਆਰ ਸੀ।

---

ਟਿੱਪਣੀਆਂ

[1]ਏ. ਐਮ. ਫ਼ੇਅਰਬੇਰਨ, *ਸਟੱਡੀਜ਼ ਇਨ ਦ ਲਾਈਫ਼ ਆਫ਼ ਕ੍ਰਾਈਸਟ* (ਲੰਦਨ: ਹੌਡਰ ਐਂਡ ਸਟ੍ਰਾਊਟਨ, 1889), 245. [2]ਐਚ. ਆਈ. ਹੇਸਟਰ, *ਦ ਹਾਰਟ ਆਫ਼ ਦ ਨਿਊ ਟੈਸਟਾਮੈਂਟ* (ਲਿਬਰਟੀ, ਮਿਜ਼ੋਰੀ: ਕਵਾਲਿਟੀ ਪ੍ਰੈੱਸ, 1963), 199. [3]ਵਿਲੀਅਮ ਬਾਰਕਲੇ, *ਦ ਗੌਸਪਲ ਆਫ ਜੌਨ,* ਸੋਧਿਆ ਅੰਕ, ਜਿਲਦ 2, ਦ ਡੇਅਲੀ ਸਟੱਡੀ ਬਾਈਬਲ ਸੀਰੀਜ਼ (ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈੱਸ, 1975), 221. [4]ਜੇਮੀ ਬਕਿੰਘਮ, *ਦ ਨਾਜ਼ਰੀਨ* (ਐਨ ਆਰਬਰ, ਮਿਸ਼ਿਗਨ: ਸਰਵੰਟ ਪਬਲਿਕੇਸ਼ੰਜ਼, 1991), 187. [5]ਐਸ. ਡੀ. ਗੋਰਡਨ, *ਕੁਆਈਟ ਟਾਕਸ ਅਬਾਊਟ ਜੀਜ਼ਸ* (ਨਿਊ ਯਾਰਕ: ਫ਼ਲੇਮਿੰਗ ਐਚ. ਰੇਵਲ ਕੰ., 1910), 231. [6]ਕੇਨ ਗਾਇਰ, *ਮੋਮੈਂਟਸ ਵਿਦ ਦ ਸੇਵੀਅਰ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲਿਸ਼ਿੰਗ ਹਾਊਸ, 1998), 325. [7]ਵਾਲਟਰ ਵੈਂਗਰਿਨ, ਜੂਨੀ., *ਦ ਬੁਕ ਆਫ਼ ਗੌਡ: ਦ ਬਾਈਬਲ ਐਜ਼ ਏ ਨਾਵਲ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲਿਸ਼ਿੰਗ ਹਾਊਸ, 1996), 785. [8]ਉਹੀ, 786. [9]ਗਾਇਰ, 331.

# ਯਿਸੂ ਦੀਆਂ ਆਖ਼ਰੀ ਘੜੀਆਂ ਦੌਰਾਨ ਸੁਝਾਏ ਗਏ ਰਸਤੇ



# ਯਰੂਸ਼ਲਮ

**ਦੰਦਕਥਾ**

ਕਿਦਰੋਨ ਦਾ ਨਾਲਾ

ਪੁਲ/ਫਾਟਕ

ਗਥਸਮਨੀ ਬਾਗ ਵਿਚਲੇ ਰੁੱਖ,
ਜ਼ੈਤੂਨ ਪਹਾੜ ਦੇ ਕਦਮਾਂ ਵਿਚ

ਜ਼ਮੀਨ ਦੇ ਉੱਭਰੇ ਇਲਾਕੇ

ਸ਼ਹਿਰ ਵਿਚ ਉੱਚੀ ਥਾਂ ਲਈ ਪੌੜੀਆਂ

ਯਿਸੂ ਦੇ ਸਮੇਂ ਵਿਚ ਯਰੂਸ਼ਲਮ ਸ਼ਹਿਰਪਨਾਹ

ਅੱਜ ਪੁਰਾਣੇ ਯਰੂਸ਼ਲਮ ਨਗਰ ਦੀ ਸ਼ਹਿਰਪਨਾਹ

**ਜਾਣ ਦੇ ਯਿਸੂ ਦੇ ਰਾਹ**

- - 1 - -ਚੁਬਾਰੇ ਨੂੰ
- - 2 - -ਗਥਸਮਨੀ ਬਾਗ ਨੂੰ
- - 3 - -ਅੰਨਾਸ ਅਤੇ ਕਯਾਫ਼ਾ ਦੇ ਘਰਾਂ ਨੂੰ
- - 4 - -ਮਹਾਸਭਾ ਨੂੰ
- - 5 - -ਪਿਲਾਤੁਸ ਵੱਲ ਨੂੰ
- - 6 - -ਹੇਰੋਦੇਸ ਵੱਲ ਨੂੰ

## ਇਤਿਹਾਸਿਕ ਪਿਛੋਕੜ-

# ਪੁੰਤਿਯੁਸ ਪਿਲਾਤੁਸ
## (ਅਤੇ ਯਿਸੂ ਦੀ ਮੌਤ)

ਤੁਸੀਂ ਕਦੀ ਗ੍ਰੇਟਸ ਦਾ ਨਾਮ ਸੁਣਿਆ ਹੈ? ਕੀ ਮਰਸਿਲਸ ਦੇ ਨਾਮ ਤੋਂ ਤੁਸੀਂ ਵਾਕਫ਼ ਹੋ? ਸ਼ਾਇਦ ਤੁਸੀਂ ਕਹੋਗੇ, ''ਮੈਨੂੰ ਇਨ੍ਹਾਂ ਦੋਹਾਂ ਬਾਰੇ ਕੋਈ ਪਤਾ ਨਹੀਂ!'' ਪਿਲਾਤੁਸ ਬਾਰੇ? ਯਕੀਨਨ ਹੀ, ਤੁਸੀਂ ਉਸ ਦਾ ਨਾਮ ਸੁਣਿਆ ਹੈ। ਇਹ ਦਿਲਚਸਪ ਹੈ, ਕਿਉਂਕਿ ਗ੍ਰੇਟਸ ਪਿਲਾਤੁਸ ਤੋਂ ਪਹਿਲਾਂ ਯਹੂਦੀਆ ਦਾ ਰੋਮੀ ਹਾਕਮ ਸੀ, ਅਤੇ ਮਰਸਿਲਸ ਪਿਲਾਤੁਸ ਤੋਂ ਬਾਅਦ ਉੱਥੋਂ ਦਾ ਹਾਕਮ। ਦੋਵੇਂ ਹੀ ਪਿਲਾਤੁਸ ਨਾਲੋਂ ਵਧੀਆ ਹਾਕਮ ਸਨ। ਸਾਨੂੰ ਪਿਲਾਤੁਸ ਹੀ ਕਿਉਂ ਯਾਦ ਹੈ? ਕਿਉਂਕਿ *ਯਿਸੂ* ਉਸ ਦੇ ਸਾਹਮਣੇ ਖੜਾ ਹੋਇਆ ਸੀ।

ਪਿਲਾਤੁਸ ਬਾਰੇ ਸਾਨੂੰ ਜ਼ਿਆਦਾਤਰ ਜਾਣਕਾਰੀ ਇੰਜੀਲ ਦੇ ਵਿਰਤਾਂਤਾਂ ਅਤੇ ਯਹੂਦੀ ਇਤਿਹਾਕਾਰਾਂ ਫ਼ਲੇਵਿਉਸ ਜੋਸੇਫ਼ਸ ਦੇ ਉਸ ਦੇ ਹਾਕਮ ਹੋਣ ਵੇਲੇ ਦੇ ਇਤਿਹਾਸ ਤੋਂ ਮਿਲਦੀ ਹੈ।[1] ਪਰ ਉਸ ਬਾਰੇ ਵਚਨ ਵਿਚ ਇਤਿਹਾਸਕ ਅਤੇ ਪੁਰਾਤੱਤਵ ਨਾਲ ਸਬੰਧਿਤ ਹੋਰ ਹਵਾਲੇ ਵੀ ਮਿਲਦੇ ਹਨ। ਇਸ ਵਾਧੂ ਅਧਿਐਨ ਵਿਚ ਉਨ੍ਹਾਂ ਸਰੋਤਾਂ ਤੋਂ ਇਲਾਵਾ ਸਾਡੇ ਪ੍ਰਭੂ ਦੀ ਮੌਤ ਦੇ ਵੇਰਵੇ ਵਾਲੇ ਹੋਰ ਸਰੋਤਾਂ ਤੋਂ ਲਿਆ ਗਿਆ ਹੈ।

### ਨਵੇਂ ਨੇਮ ਦੇ ਹਵਾਲੇ

ਯਿਸੂ ਦੀ ਰੋਮੀ ਪੇਸ਼ੀ ਦੇ ਸਬੰਧ ਵਿਚ ਪਿਲਾਤੁਸ ਨਾਲ ਜੁੜੇ ਹਵਾਲਿਆਂ ਤੋਂ ਇਲਾਵਾ (ਮੱਤੀ 27; ਮਰਕੁਸ 15; ਲੂਕਾ 23; ਯੂਹੰਨਾ 18; 19) ਨਵੇਂ ਨੇਮ ਵਿਚ ਇਸ ਰੋਮੀ ਹਾਕਮ ਬਾਰੇ ਕੁਝ ਹੀ ਆਇਤਾਂ ਹਨ। ਉਹ ਯੂਹੰਨਾ ਬਪਤਿਸਮਾ ਦੇਣ ਵਾਲੇ ਵੱਲੋਂ ਆਪਣੀ ਸੇਵਕਾਈ ਸ਼ੁਰੂ ਕਰਨ ਵੇਲੇ ਹਾਕਮ ਸੀ (ਲੂਕਾ 3:1)। ਉਨ੍ਹਾਂ ਗਲੀਲੀ ਲੋਕਾਂ ਦੀ ਇਕ ਖ਼ਬਰ ਮਿਲੀ, ''ਜਿਨ੍ਹਾਂ ਦਾ ਲਹੂ ਪਿਲਾਤੁਸ ਨੇ ਉਨ੍ਹਾਂ ਦੀਆਂ ਕੁਰਬਾਨੀਆਂ ਦੇ ਨਾਲ ਮਿਲਾਇਆ ਸੀ'' (ਲੂਕਾ 13:1)। ਸ਼ਾਇਦ ਬਗ਼ਾਵਤ ਨੂੰ ਦਬਾਉਣ ਲਈ (ਇਸ ਅਧਿਐਨ ਵਿਚ ਅੱਗੇ ਇਸ ਤੇ ਅੱਗੇ ਚਰਚਾ ਕਰਾਂਗੇ)। ਰਸੂਲਾਂ ਦੇ ਸਰਮਨਾਂ ਵਿਚ ਪਿਲਾਤੁਸ ਦਾ ਜ਼ਿਕਰ ਯਿਸੂ ਦੀ ਮੌਤ ਵਿਚ ਸ਼ਾਮਿਲ ਆਦਮੀ ਦੇ ਰੂਪ ਵਿਚ ਹੋਇਆ (ਰਸੂਲਾਂ ਦੇ ਕੰਮ 4:27; 13:28; ਵੇਖੋ 3:13)। ਪੌਲੁਸ ਨੇ ''ਪਿਲਾਤੁਸ ਦੇ ਸਾਹਮਣੇ'' ਕੀਤੀਆਂ ਗਈਆਂ ਯਿਸੂ ਦੀਆਂ ਗੱਲਾਂ ਦਾ ''ਚੰਗਾ ਇਕਰਾਰ'' ਆਖਿਆ (1 ਤਿਮੋਥਿਉਸ 6:13)।

ਜੇ. ਜੀ. ਵੌਸ ਨੇ ਨਵੇਂ ਨੇਮ ਦੀਆਂ ਗੱਲਾਂ ਦਾ ਇਹ ਸਾਰ ਦਿੱਤਾ ਹੈ: ਇਹ ''ਪਿਲਾਤੁਸ ਨੂੰ ਇਕ ਕਰੜੇ ਅਤੇ ਗੈਰ ਵਿਸ਼ਵਾਸੀ ਦੇ ਰੂਪ ਵਿਚ ਅਰਥਾਤ ਇਕ ਕਠੋਰ ਚਿੱਤ ਰੋਮ[ੀ], ਜਿਸ ਵਿਚ ਸਨਮਾਨ ਦੇ ਰਵਾਇਤੀ ਰੋਮ[ੀ] ਖੂਬੀਆਂ, ਨਿਆਂ ਅਤੇ ਈਮਾਨਦਾਰੀ ਦੀ ਘਾਟ ਸੀ, ਦੇ ਰੂਪ ਵਿਚ ਵਿਖਾਉਂਦਾ ਹੈ। ਪਿਲਾਤੁਸ ਨਿਆਂ ਨੂੰ ਬਣਾਈ ਰੱਖਣ ਵਾਲਾ ਬਣਨ ਦੀ ਥਾਂ ਸਮਝੌਤੇ ਅਤੇ ਕੰਮ ਕੱਢਣ ਦਾ ਨੁਮਾਇੰਦਾ ਸੀ।''[2]

## ਫ਼ਲੇਵਿਯੁਸ ਜੋਸੇਫ਼ਸ (37 ਈਸਵੀ—93 ਈਸਵੀ ਤੋਂ ਬਾਅਦ)

ਜੋਸੇਫ਼ਸ ਨੇ ਪਿਲਾਤੁਸ ਦੇ ਹਾਕਮ ਹੋਣ ਵੇਲੇ ਦੀਆਂ ਤਿੰਨ ਘਟਨਾਵਾਂ ਲਿਖੀਆਂ ਹਨ, ਜਿਸ ਤੋਂ ਯਹੂਦੀਆਂ ਨਾਲ ਉਸ ਦੇ ਡਾਵਾਂਡੋਲ ਸਬੰਧਾਂ ਦੀ ਜਾਣਕਾਰੀ ਮਿਲਦੀ ਹੈ। (1) ਜਦ ਪਿਲਾਤੁਸ ਨੇ ਯਰੂਸ਼ਲਮ ਵਿਚ ਫ਼ੌਜ ਦਾ ਇਕ ਦਸਤਾ ਭੇਜਿਆ ਤਾਂ ਫ਼ੌਜ ਦੇ ਇਸ ਜੱਥੇ ਨੇ ਅਜਿਹੇ ਮਾਦੰਡਾਂ ਦੀ ਵਰਤੋਂ ਕੀਤੀ, ਜਿਨ੍ਹਾਂ ਵਿਚ ਬਾਦਸ਼ਾਹ ਦੀਆਂ ਮੂਰਤੀਆਂ ਵਿਖਾਈਆਂ ਗਈਆਂ ਸਨ, ਜੋ ਯਹੂਦੀ ਸ਼ਰ੍ਹਾ ਅਤੇ ਯਹੂਦੀਆਂ ਵਿਚ ਪਿਛਲੀ ਰੋਮੀ ਨੀਤੀ ਦੇ ਉਲਟ ਸਨ। ਯਹੂਦੀਆਂ ਨਾਲ ਝਗੜੇ ਤੋਂ ਬਾਅਦ, ਪਿਲਾਤੁਸ ਨੇ ਉਨ੍ਹਾਂ ਮੂਰਤੀਆਂ ਨੂੰ ਹਟਾ ਦਿੱਤਾ।[3] (2) ਪਿਲਾਤੁਸ ਨੇ ਯਰੂਸ਼ਲਮ ਵਿਚ ਪਾਣੀ ਲਾਉਣ ਲਈ ਪੁਲ ਬਣਵਾ ਕੇ ਯਹੂਦੀ ਵਿਰੋਧ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ। ਪਰ ਇਹ ਪਤਾ ਲੱਗਣ ਤੇ ਕਿ ਇਸ ਪ੍ਰੋਜੈਕਟ ਲਈ ਹੈਕਲ ਦਾ ਧਨ ਵਰਤਿਆ ਗਿਆ ਸੀ, ਹਿਸੰਕ ਪ੍ਰਦਰਸ਼ਨ ਹੋਇਆ ਅਤੇ ਬਗਾਵਤ ਕਰਨ ਵਾਲੇ ਲੋਕ ਮਾਰੇ ਗਏ।[4] (ਕੁਝ ਲੋਕਾਂ ਦਾ ਮੰਨਣਾ ਹੈ ਕਿ ਲੂਕਾ 13: 1 ਵਾਲੀ ਘਟਨਾ ਇਸੇ ਕਾਰਣ ਹੋਈ।) (3) ਦਫ਼ਤਰ ਵਿਚ ਆਪਣੇ ਦਸਵੇਂ ਅਤੇ ਆਖ਼ਰੀ ਸਾਲ ਵਿਚ, ਪਿਲਾਤੁਸ ਨੇ ਸਾਮਰੀਆਂ ਵਿਚ ਇਕ ਹਥਿਆਰਬੰਦ ਗੁਟ ਨੂੰ ਦਬਾਉਣ ਲਈ ਸੈਨਾ ਦੀ ਵਰਤੋਂ ਕੀਤੀ। ਹਾਲਾਂਕਿ ਇਹੋ ਜਿਹਾ ਕੋਈ ਸਬੂਤ ਨਹੀਂ ਹੈ ਕਿ ਉਸ ਗੁਟ ਨੇ ਬਗ਼ਾਵਤ ਕਰਨੀ ਚਾਹੀ ਸੀ, ਇਸ ਤੇ ਹਮਲਾ ਜ਼ਰੂਰੀ ਕਰ ਦਿੱਤਾ ਗਿਆ। ਬਹੁਤ ਸਾਰੇ ਲੋਕ ਉਸ ਝਗੜੇ ਵਿਚ ਮਾਰੇ ਗਏ ਅਤੇ ਬਹੁਤ ਸਾਰੇ ਲੜਾਈ ਵਿਚ ਬਚ ਗਏ ਅਤੇ ਬਾਗੀਆਂ ਨੂੰ ਮਾਰ ਦਿੱਤਾ ਗਿਆ। ਸਾਮਰੀ ਅਧਿਕਾਰੀਆਂ ਨੇ ਮਸੀਹੀ ਲੋਕਾਂ ਦੇ ਹਾਕਮ ਨੂੰ ਵਿਰੋਧ ਜਤਾਇਆ, ਜੋ ਪਿਲਾਤੁਸ ਦੇ ਉਪਰ ਸੀ। ਉਸ ਨੇ ਪਿਲਾਤੁਸ ਨੂੰ ਉਸ ਦੇ ਅਹੁਦੇ ਤੋਂ ਅਟਾ ਕੇ ਜਾਂਚ ਦਾ ਸਾਹਮਣਾ ਕਰਨ ਲਈ ਵਾਸਪ ਰੋਮ ਭੇਜ ਦਿੱਤਾ ਗਿਆ।[5]

ਸਾਡੇ ਇਸ ਅਧਿਐਨ ਦੇ ਸਬੰਧ ਵਿਚ, ਸ਼ਾਇਦ ਸਪ ਤੋਂ ਵੱਡੀ ਦਿਲਚਸਪੀ ਜੋਸੇਫ਼ਸ ਦਾ ਕਥਿਤ *ਐਸਟੀਮੋਨੀਅਨ ਫ਼ਲੇਵੀਅਨਸ* (ਯਿਸੂ ਬਾਰੇ ਯਿਸੂ ਦੀ ''ਗਵਾਹੀ'') ਹੈ। ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਇਸ ਇਤਿਹਾਸਕਾਰ ਦੇ ਸ਼ਬਦਾਂ ਨੂੰ ਬਾਅਦ ਵਿਚ ਮਸੀਹੀ ਲੋਕਾਂ ਦੁਆਰਾ ਮਸਾਲੇਦਾਰ ਬਣਾ ਦਿੱਤਾ ਗਿਆ, ਪਰ ਜ਼ਿਆਦਾਤਰ ਲੋਕ ਮੰਨਦੇ ਹਨ ਕਿ ਮੁੱਖ ਗੱਲ ਜਿਸ ਵਾਕ ਸਹਿਤ ਜੋਸੇਫ਼ਸ ਦੁਆਰਾ ਹੀ ਲਿਖੀ ਗਈ ਸੀ: ''... ਸਾਡੇ ਵਿੱਚੋਂ ਪ੍ਰਮੁੱਖ ਲੋਕਾਂ ਦੇ ਸੁਝਾਅ ਤੇ, ਜਦੋਂ ਪਿਲਾਤੁਸ ਨੇ ਉਸ ਨੂੰ ਸਲੀਬ ਦੀ ਸਜ਼ਾ ਦਿੱਤੀ, ਤਾਂ ਉਸ ਨਾਲ ਪਿਆਰ ਕਰਨ ਵਾਲਿਆਂ ਨੇ ਪਹਿਲਾਂ ਤੋਂ ਉਸ ਨੂੰ ਨਹੀਂ ਛੱਡਿਆ।''[6]

## ਫ਼ਿਲੋ (ਲਗਭਗ 20 ਈ. ਪੂ.—ਲਗਭਗ 50 ਈਸਵੀ)

ਸਿਕੰਦਰੀਆ ਦੇ ਯਹੂਦੀ ਦਾਰਸ਼ਨਿਕ ਫ਼ਿਲੋ ਨੇ ਪਿਲਾਤੁਸ ਤੇ ਹਰ ਹਰ ਤਰ੍ਹਾਂ ਦੀ ਬੁਰਾਈ ਦਾ ਇਲਜ਼ਾਮ ਲਾਇਆ। ਜ਼ਿਆਦਾਤਰ ਵਿਦਵਾਨਾਂ ਦਾ ਮੰਨਣਾ ਹੈ ਕਿ ਇਹ ਧਰਮ ਸ਼ਾਸਤਰੀ ਵਧਾਅ ਚੜ੍ਹਾ ਕੇ ਕਹਿਣ ਦਾ ਦੋਸ਼ੀ ਸੀ, ਪਰ ਕਈ ਪਹਿਲੂਆਂ ਵਿਚ ਹਾਕਮ ਦਾ ਉਸ ਦਾ ਸ਼ਬਦ ਚਿਤਰਣ ਬਾਈਬਲ ਅਤੇ ਇਤਿਹਾਸਕ ਲੇਖਾਂ ਨਾਲ ਮੇਲ ਖਾਂਦਾ ਹੈ। ਫ਼ਿਲੋ ਨੇ ਪਿਲਾਤੁਸ ਦੇ ''ਭ੍ਰਿਸ਼ਟਾਚਾਰਾਂ, ਗੁਸਤਾਖ਼ੀ ਭਰੇ ਉਸਦੇ ਕੰਮਾਂ, ਉਸਦੀ ਲੁੱਟ ਖੋਹ *[ਜਾਇਦਾਦ ਦਾ ਜ਼ਬਰਦਸਤੀ ਖੋਹਣਾ]*, ਲੋਕਾਂ ਨੂੰ ਬੇਇੱਜ਼ਤ ਕਰਨ ਦੀ ਉਸ ਦੀ ਆਦਤ, ਉਸ ਦਾ ਵਹਿਸ਼ੀਪਣ ਅਤੇ ਬੇਦਰਦੀ ਨਾਲ ਲੋਕਾਂ ਦੀ ਕਤਲ ਕਰਦੇ ਰਹਿਣਾ, ਉਨ੍ਹਾਂ ਨੂੰ ਸਜ਼ਾ ਦੇਣਾ ਅਤੇ ਉਸਦੀ ਨਾ ਮੁੱਕਣ ਵਾਲੀ ਬੇਕਾਰ ਦੇ ਅਤੇ ਸਭ ਤੋਂ ਖ਼ਤਰਨਾਕ ਅਣਮਨੁੱਖੀ ਸੁਭਾਵ ਬਾਰੇ ਲਿਖਿਆ ਹੈ।''[7]

ਫ਼ਿਲੋ ਨੇ ਯਹੂਦੀਆਂ ਨਾਲ ਪਿਲਾਤੁਸ ਦੇ ਅਨਿਸ਼ਚਿਤ ਸਬੰਧ ਬਾਰੇ ਇਕ ਘਟਨਾ ਦਾ ਵਰਣਨ ਕੀਤਾ ਹੈ। ਹਾਕਮ ਨੇ ਢਾਲਾਂ ਰੱਖੀਆਂ ਹੋਈਆਂ ਸਨ, ਜਿਨ੍ਹਾਂ ਵਿਚ ਯਰੂਸ਼ਲਮ ਦੇ ਉਸ ਦੇ ਨਿਵਾਸ ਦੀਆਂ ਕੰਧਾਂ ਤੇ ਸਮਰਾਟ ਪ੍ਰਤੀ ਸਮਰਪਣ ਵਿਖਾਇਆ ਗਿਆ ਸੀ। ਭੜਕੇ ਯਹੂਦੀ ਆਗੂਆਂ ਨੇ ਤਿਬਿਰਿਯੁਸ

ਕੋਲ ਵਿਰੋਧ ਭੇਜਿਆ। ਤਿਬਰਿਯੁਸ ਨੇ ਉਨ੍ਹਾਂ ਢਾਲਾਂ ਨੂੰ ਲਾਹ ਕੇ ਕੈਸਰੀਆ ਵਿਚ ਅਗਸਤੁਸ ਦੇ ਮੰਦਿਰ ਵਿਚ ਲਾਉਣ ਦਾ ਹੁਕਮ ਦੇ ਦਿੱਤਾ।[8]

## ਵੱਖੋ ਵੱਖ ਇਤਿਹਾਸਕ ਹਵਾਲੇ

ਬਾਬੁਲ ਦਾ ਯਹੂਦੀ ਤਾਲਮੁਡ ਯਿਸੂ ''ਪਸਾਹ ਦੀ ਸ਼ਾਮ ਨੂੰ ਟੰਗਿਆ ਜਾਣਾ'' ਦੱਸਦਾ ਹੈ[9] ਅਤੇ ਜ਼ੋਰ ਦਿੰਦਾ ਹੈ ਕਿ ਯਹੂਦੀ ਆਗੂਆ ਨੇ ਉਸ ਨੂੰ ਸਜ਼ਾ ਦੇ ਕੇ ਸਹੀ ਕੀਤਾ।

ਇਕ ਲਾਤੀਨੀ ਇਤਿਹਾਸਕਾਰ ਟੇਸਿਟੁਸ, ਜਿਸ ਨੇ 115 ਈਸਵੀ ਅਤੇ 117 ਵਿਚ ਲਿਖਿਆ, ਨੇ ਇਸ ਨੂੰ ਮਸੀਹੀ ਲੋਕਾਂ ਲਈ ਕਿਹਾ ਹੈ: ''ਉਨ੍ਹਾਂ ਨੂੰ ਇਹ ਨਾਮ ਮਸੀਹ ਤੋਂ ਮਿਲਿਆ, ਜਿਸ ਨੂੰ ਤਿਬਰਿਯੁਸ ਦੀ ਹਕੂਮਤ ਵਿਚ ਹਾਕਮ ਪੁੰਤਿਯੁਸ ਪਿਲਾਤੁਸ ਵੱਲੋਂ ਸਜ਼ਾ ਦੇ ਹੁਕਮ ਨਾਲ ਮਾਰ ਦਿੱਤਾ ਗਿਆ ਸੀ।''[10]

ਮਾਰਾ ਬਾਰ ਸੀਰਾਪਿਅਨ ਰਾਹੀਂ ਆਪਣੇ ਪੱਤਰ ਲਿਖੇ ਇਕ ਸੀਰੀਆਈ ਪੱਤਰ ਵਿਚ ਯਿਸੂ ਬਾਰੇ ਇਨ੍ਹਾਂ ਸ਼ਬਦਾਂ ਵਿਚ ਦੱਸਿਆ ਹੈ: ''ਯਹੂਦੀਆਂ ਨੂੰ ਆਪਣੇ ਬੁੱਧਵਾਨ ਰਾਜੇ ਨੂੰ ਮਾਰ ਕੇ ਕੀ ਫ਼ਾਇਦਾ ਹੋਇਆ? ਉਸ ਦੇ ਥੋੜੀ ਦੇਰ ਬਾਅਦ ਹੀ ਉਨ੍ਹਾਂ ਦਾ ਰਾਜ ਤਬਾਹ ਹੋ ਗਿਆ। ... ਨਾ ਉਹ ਬੁੱਧਵਾਨ ਰਾਜਾ ਮਾਰਿਆ ਗਿਆ ਕਿਉਂਕਿ ਉਹ ਆਪਣੀਆਂ ਦਿੱਤੀਆਂ ਹੋਈਆਂ ਸਿੱਖਿਆਵਾਂ ਵਿਚ ਜ਼ਿੰਦਾ ਰਿਹਾ।''[11] ਇਸ ਸਰੋਤ ਦੀ ਤਾਰੀਖ਼ ਪੱਕਾ ਪਤਾ ਨਹੀਂ ਹੈ, ਪਰ ਇਹ 73 ਈਸਵੀ ਤੋਂ ਪਹਿਲਾਂ ਲਿਖਿਆ ਗਿਆ ਹੋ ਸਕਦਾ ਹੈ।

1961 ਵਿਚ ਪਿਲਾਤੁਸ ਦਾ ਪਹਿਲਾ ਪੁਰਾਤੱਤਵੀ ਸਬੂਤ ਮਿਲਿਆ ਸੀ। ਪੁਰਾਤੱਤਵ ਵਿਗਿਆਨੀਆਂ ਨੂੰ ਕੈਸਰੀਆ ਦੇ ਰੋਮੀ ਥਿਏਟਰ ਵਿਚ ''ਪੁੰਤਿਯੁਸ ਪਿਲਾਤੁਸ, ਯਹੂਦੀਆ ਦਾ ਸਿੱਧ'' ਉੱਕਰਿਆ ਹੋਇਆ ਇਕ ਪੱਥਰ ਮਿਲਿਆ।[12]

## ਖ਼ੁਦਾ ਦੀ ਪ੍ਰੇਰਣਾ ਰਹਿਤ ਮਸੀਹੀ ਲੇਖਕ

ਖ਼ੁਦਾ ਦੀ ਪ੍ਰੇਰਣਾ ਰਹਿਤ ਕਈ ਸ਼ੁਰੂਆਤੀ ਮਸੀਹੀ ਲੇਖਕਾਂ ਨੇ ਓਰਿਗਨ ਸਹਿਤ ਪਿਲਾਤੁਸ ਦਾ ਜ਼ਿਕਰ ਕੀਤਾ। ਜਸਟਿਨ ਮਾਰਟਿਰ ਅਤੇ ਟਰਟੁਲਿਅਨ ਨੇ ਯਿਸੂ ਦੇ ਮੁਕੱਦਮੇ ਦੇ ਰੋਮੀ ਅਦਾਲਤ ਦੇ ਅਧਿਕਾਰ ਰਿਕਾਰਡ ਦੀ ਗੱਲ ਕੀਤੀ ਹੈ,[13] ਪਰ ਉਨ੍ਹਾਂ ਇਸ ਰਿਕਾਰਡ ਨੂੰ ਅਸਲ ਵਿਚ ਵੇਖਿਆ ਜਾਂ ਨਹੀਂ, ਇਹ ਸਪੱਸ਼ਟ ਨਹੀਂ ਹੈ।[14]

ਸਾਡੇ ਵਿੱਚੋਂ ਕਈਆਂ ਦੀ ਪਿਲਾਤੁਸ ਦੇ ਆਖ਼ਰੀ ਦਿਨਾਂ ਵਿਚ ਵੱਡੀ ਨਿੱਜੀ ਦਿਲਚਸਪੀ ਹੈ। ਇਸ ਹਾਕਮ ਨੂੰ ਰੋਮ ਵਿਚ ਵਾਪਸ ਕਦੋਂ ਬੁਲਾਇਆ ਗਿਆ (ਜਿਵੇਂ ਕਿ ਇਸ ਅਧਿਐਨ ਵਿਚ ਪਹਿਲਾਂ ''ਫ਼ਲੇਵਿਯੁਸ ਜੋਸੇਫ਼ਸ'' ਸਿਰਲੇਖ ਵਿਚ ਲਿਖਿਆ ਹੈ), ਉਹ ਟੇਸਿਟੁਸ ਦੀ ਮੌਤ ਦੋਂ ਬਾਅਦ ਉੱਥੇਂ ਪਹੁੰਚਿਆ। ਉਸ ਤੋਂ ਬਾਅਦ ਦੀਆਂ ਗੱਲਾਂ ਦਾ ਸਾਡੇ ਕੋਲ ਕੋਈ ਇਤਿਹਾਸਕ ਸਬੂਤ ਨਹੀਂ ਹੈ ਪਰ ਯੂਸਬਿਯੁਸ ਨੇ ਉਸ ਮਸ਼ਹੂਰ ਪਰੰਪਰਾ ਬਾਰੇ ਲਿਖਿਆ ਹੈ ਕਿ ਉਸ ਨੇ ਆਪਣੇ ਮੁਕੱਦਮੇ ਤੋਂ ਬਾਅਦ ਖੁਦਕੁਸ਼ੀ ਕਰ ਲਈ।[15] ਬਾਅਦ ਦੀਆਂ ਪਰੰਪਰਾਵਾਂ ਵਿਚ ਕਿਹਾ ਗਿਆ ਹੈ ਕਿ ਉਸ ਨੇ ਗਾਊਨ ਦੇ ਵਿਆਨਾ ਅਲੋਬਰੋਮਾ ਨਾਮਕ ਥਾਂ (ਹੁਣ ਫ਼ਰਾਂਸ) ਵਿਚ ਗਯੁਸ ਦੀ ਹਕੂਮਤ ਵਿਚ ਖੁਦਕੁਸ਼ੀ ਕੀਤੀ (37–41 ਈਸਵੀ), ਜਿੱਥੇ ਉਸ ਨੂੰ ਜਲਾਵਤਨ ਕੀਤਾ ਗਿਆ ਸੀ। ਯਰੂਸ਼ਲਮ ਨੇ ਹਾਕਮ ਦੀ ਮੌਤ ਨੂੰ ਰੱਬੀ ਨਿਆਂ ਆਖਿਆ।[16]

## ਪਿਲਾਤੂਸ

''ਇਹ ਵੇਖ ਕੇ ਕਿ ਉਹਦਾ ਵੱਸ ਨਹੀਂ ਚੱਲਿਆ, ਪਿਲਾਤੂਸ ਨੇ ਪਾਣੀ ਦਾ ਬਰਤਨ ਲਿਆ ਅਤੇ ਲੋਕਾਂ ਸਾਹਮਣੇ ਇਹ ਕਹਿੰਦਿਆਂ ਆਪਣੇ ਹੱਥ ਧੋ ਦਿੱਤੇ, 'ਮੈਂ, ਇਸ ਧਰਮੀ ਦੇ ਲਹੂ ਤੋਂ ਨਿਰਦੋਸ਼ ਹਾਂ। ਤੁਸੀਂ ਜਾਣੋ।' ਪਰ ਪਿਲਾਤੂਸ ਜ਼ਿੰਮੇਵਾਰੀ ਦੇ ਬੋਧ ਤੋਂ ਨਹੀਂ ਬਚ ਸਕਿਆ ... ਪਿਲਾਤੂਸ ਨੇ ਮਹਿਸੂਸ ਕੀਤਾ ਕਿ ਉਹ ਕਾਤਲ ਹੈ।''

---

ਟਿੱਪਣੀਆਂ

[1]ਜੋਸੇਫ਼ਸ *ਐਂਟੀਕਵਿਟੀਜ਼ ਆਫ਼ ਦ ਜਿਊਸ* 18.2.2; 18.3.1–2; *ਵਾਰਜ਼ ਆਫ਼ ਦ ਜਿਊਸ* 2.9.2–4. [2]ਜੇ. ਜੀ. ਵੌਸ, ''ਪਾਇਲਟ, ਪੁੰਤਿਯੁਸ,'' *ਦ ਜ਼ੌਂਡਰਵਨ ਪਿਕਟੋਰੀਅਲ ਇਨਸਾਈਕਲੋਪੀਡੀਆ ਆਫ਼ ਦ ਬਾਈਬਲ,* ਆਮ ਜਿਲਦ ਮੈਰਿਲ ਸੀ. ਟੈਨੀ (ਗ੍ਰੈਂਡ ਰੈਪਿਡਸ, ਮਿਸ਼ਿਗਨਃ ਜ਼ੌਂਡਰਵਨ ਪਬਲਿਸ਼ਿੰਗ ਹਾਊਸ, 1975), 4:792. [3]*ਐਂਟੀਕਵਿਟੀਜ਼ ਆਫ ਦ ਜਿਊਸ* 18:3.1; *ਵਾਰਜ਼ ਆਫ਼ ਦ ਜਿਊਸ* 2.9.2, 3. [4]*ਵਾਰਜ਼ ਆਫ਼ ਦ ਜਿਊਸ* 2.9.4. [5]*ਐਂਟੀਕਵਿਟੀਜ਼ ਆਫ਼ ਦ ਜਿਊਸ* 18.4.1, 2. [6]*ਐਂਟੀਕਵਿਟੀਜ਼ ਆਫ਼ ਦ ਜਿਊਸ* 18.3.3. [7]ਫ਼ਿਲੋ *ਲਿਗੇਸ਼ਿਓ ਐਡ ਗਲਿਉਮ* 38. [8]ਫ਼ਿਲੋ *ਡਿ ਲਿਗੇਸ਼ਨ ਐਡ ਗੇਲਿਯੁਮ* 299–305. [9]ਬਰੂਸ ਕੋਰਲੀ, ''ਟ੍ਰਾਇਲ ਆਫ਼ ਜੀਜ਼ਸ,'' *ਡਿਕਸ਼ਨਰੀ ਆਫ਼ ਜੀਜ਼ਸ ਐਂਡ ਦ ਗੌਸਪਲਜ਼,* ਸੰਪਾ. ਜੋਇਲ ਬੀ. ਗ੍ਰੀਨ ਐਂਡ ਸਕੌਟ ਮੈਕਨਾਈਟ (ਡਾਊਨਰਜ਼ ਗ੍ਰੋਵ, ਇਲਿਨੋਇਸਃ ਇੰਟਰ ਵਰਸਿਟੀ ਪ੍ਰੈੱਸ, 1992), 842 ਵਿਚ ਦੁਹਰਾਇਆ ਗਿਆ। [10]ਟੇਸਿਟੁਸ *ਐਨਲਜ਼* 15.44.

[11]ਕੋਰਲੀ, 842 ਵਿਚ ਦਹਰਾਇਆ ਗਿਆ। [12]ਜੌਨ ਮੈਕਰੇ, *ਆਰਕਿਓਲੌਜੀ ਐਂਡ ਦ ਨਿਊ ਟੈਸਟਾਮੈਂਟ* (ਗ੍ਰੈਂਡ ਰੈਪਿਡਸ, ਮਿਸ਼ਿਗਨਃ ਬੇਕਰ ਬੁਕ ਹਾਊਸ, 1991), 203–4. [13]ਜਸਟਿਨ ਮਾਰਟਿਰ *ਅਪੋਲੋਜੀ* 1.35; 1.48; ਟਰਟੁਲਿਅਨ *ਅਪੋਲੋਜੀ* 5.2; 21.24. [14]ਸਦੀਆਂ ਬਾਅਦ, ਕਿਸੇ ਅਨਜਾਣ ਲੇਖਕ ਦੁਆਰਾ ਖ਼ੁਦਾ ਦੀ ਪ੍ਰੇਰਣਾ ਰਹਿਤ ''ਪਿਲਾਤੁਸ ਦੇ ਕੰਮ'' ਹੋਣ ਦਾ ਦਾਅਵਾ ਕਰਨ ਵਾਲਾ ਇਕ ਸਜਾਵਟੀ ਦਸਤਾਵੇਜ਼ ਲਿਖਿਆ ਗਿਆ ਸੀ। [15]ਯੂਸਬਿਯੁਸ *ਐਕਲੇਸਿਏਸਟੀਕਲ ਹਿਸਟਰੀ* 2.7. [16]ਉਹੀ।